ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com
ਬੁੱਧਵਾਰ, 28 ਜੁਲਾਈ 2021
(ਜਲੰਧਰ)



ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ
ਮੁੱਖ ਸੰਪਾਦਕ :- ਅਮਨਦੀਪ ਮਹਿਰਾ

R.N.I. Punpun/29016/2008 ✲ ਸਾਲ : 14 ✲ ਅੰਕ : 180 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808



Ambulance Service 24hrs.

FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations



Free Medicine for 9am to 5pm



## ਮੁਕੇਰੀਆਂ 'ਚ ਸੋਮ ਪ੍ਰਕਾਸ਼ ਤੇ ਅਸ਼ਵਨੀ ਸ਼ਰਮਾ ਦਾ ਕਿਸਾਨਾਂ ਵਲੋਂ ਜਬਰਦਸਤ ਵਿਰੋਧ, ਪੁਲਿਸ ਨਾਲ ਹੋਈ ਧੱਕਾ-ਮੁੱਕੀ

**ਮੁਕੇਰੀਆਂ/ਲੋਕ ਬਾਣੀ**

ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਭਾਜਪਾ ਆਗੂਆਂ ਦਾ ਕਿਸਾਨਾਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਰੁਕਣ ਦਾ ਨਾਂ ਨਹੀਂ ਲੈ ਰਿਹਾ। ਅੱਜ ਮੁਕੇਰੀਆਂ 'ਚ ਵੀ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦਾ ਕਿਸਾਨਾਂ ਵੱਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਸ ਨਹੀਂ ਲੈ ਲੈਂਦੀ, ਉਦੋਂ ਤੱਕ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਆਗੂਆਂ ਦਾ ਵਿਰੋਧ ਇਸੇ ਤਰ੍ਹਾਂ ਹੀ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਵਿਰੋਧ ਕਰ ਰਹੇ ਕਿਸਾਨਾਂ ਨੂੰ ਰੋਕਣ ਦੌਰਾਨ ਕਿਸਾਨਾਂ ਦੀ ਪੁਲਸ ਨਾਲ ਧੱਕਾ-ਮੁੱਕੀ ਹੋ ਗਈ। ਇਸ ਦੌਰਾਨ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਕਿਹਾ ਕਿ ਜਦੋਂ ਤਕ ਕੇਂਦਰ ਦੀ ਮੋਦੀ ਸਰਕਾਰ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਵਾਪਸ ਨਹੀਂ ਲੈਂਦੀ ਉਦੋਂ ਤਕ ਭਾਜਪਾ ਆਗੂਆਂ ਨੂੰ ਪੰਜਾਬ ਵਿਚ ਨਾ ਮੀਟਿੰਗਾਂ ਕਰਨ ਦਿੱਤੀਆਂ ਜਾਣਗੀਆਂ ਅਤੇ ਨਾ ਹੀ ਪਿੰਡਾਂ 'ਚ ਵੜਨ ਦਿੱਤਾ ਜਾਵੇਗਾ।

## ਜਰਮਨੀ : ਕੈਮੀਕਲ ਕੰਪਲੈਕਸ 'ਚ ਜਬਰਦਸਤ ਧਮਾਕਾ, 16 ਲੋਕ ਜਖਮੀ ਤੇ 5 ਲਾਪਤਾ

**ਇੰਟਰਨੈਸ਼ਨਲ/ਲੋਕ ਬਾਣੀ**

ਜਰਮਨੀ ਦਾ ਲੀਵਰਕੁਸੇਨ ਸ਼ਹਿਰ ਮੰਗਲਵਾਰ ਨੂੰ ਇਕ ਕੈਮੀਕਲ ਕੰਪਲੈਕਸ 'ਚ ਹੋਏ ਵਿਸਫੋਟ ਕਾਰਨ ਹਿੱਲ ਗਿਆ। ਧਮਾਕੇ ਤੋਂ ਬਾਅਦ ਹਰ ਪਾਸੇ ਧੂੰਆਂ ਹੀ ਧੂੰਆਂ ਫੈਲ ਗਿਆ। ਇਸ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ 16 ਲੋਕ ਜਖਮੀ ਹੋ ਗਏ । ਉਥੇ ਹੀ ਚਾਰ ਲੋਕ ਲਾਪਤਾ ਹਨ। ਜਰਮਨ ਸਮਾਚਾਰ ਏਜੰਸੀ ਡੀ.ਪੀ.ਏ.ਨੇ ਦੱਸਿਆ ਕਿ ਜਰਮਨੀ ਦੇ ਨਾਗਰਿਕ ਸੁਰੱਖਿਆ ਤੇ ਆਫਤ ਸਹਾਇਤਾ ਦੇ ਸੰਘੀ ਦਫਤਰ ਨੇ ਵਿਸਫੋਟ ਨੂੰ 'ਬਹੁਤ ਜਿਆਦਾ' ਖਤਰੇ ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਤੇ ਨਿਵਾਸੀਆਂ ਨੂੰ ਘਰ ਦੇ ਅੰਦਰ ਰਹਿਣ ਤੇ ਖਿੜਕੀਆਂ ਦਰਵਾਜੇ ਬੰਦ ਰੱਖਣ ਲਈ ਕਿਹਾ ਹੈ।ਹਾਲਾਂਕਿ ਘਟਨਾ ਤੋਂ ਬਾਅਦ ਕੋਲੋਨ ਫਾਇਰ ਵਿਭਾਗ ਨੇ ਟਵੀਟ ਕੀਤਾ ਕਿ ਹਵਾ ਪ੍ਰਦੂਸ਼ਣ ਨੂੰ ਮਾਪਣ 'ਤੇ ਕਿਸੇ ਤਰ੍ਹਾਂ ਦੀ ਆਸਾਧਾਰਨ ਹਾਲਤ ਨਹੀਂ ਦੇਖੀ ਗਈ।ਉਨ੍ਹਾਂ ਕਿਹਾ ਕਿ ਧੂੰਆਂ ਘੱਟ ਹੋ ਗਿਆ ਹੈ ਪਰ ਉਹ ਜਹਿਰੀਲੇ ਪਦਾਰਥਾਂ ਲਈ ਹਵਾ ਨੂੰ ਮਾਪਦੇ ਰਹਿਣਗੇ। ਲੀਵਰਕੁਸੇਨ ਸ਼ਹਿਰ



ਨੇ ਇਕ ਬਿਆਨ 'ਚ ਕਿਹਾ ਕਿ ਇਹ ਧਮਾਕਾ ਚੇਮਪਾਰਕ ਸਾਈਟ 'ਤੇ ਸਾਲਵੈਂਟਸ ਦੇ ਸਟੋਰੇਜ ਟੈਂਕ ਵਿਚ ਹੋਇਆ। ਚੇਮਪਾਰਕ ਸਾਈਟ ਰਾਈਨ ਨਦੀ 'ਤੇ ਕੋਲੋਨ ਤੋਂ ਲੱਗਭਗ 20 ਕਿਲੋਮੀਟਰ ਦੂਰ ਉੱਤਰ 'ਚ ਸਥਿਤ ਹੈ। ਉਸ ਨੇ ਕਿਹਾ ਕਿ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋਈ ਹੈ। 4 ਲੋਕ ਬੁਰੀ ਤਰ੍ਹਾਂ ਜਖਮੀ ਹੋਏ ਹਨ, ਜਦਕਿ 12 ਲੋਕ ਮਾਮੂਲੀ ਜਖਮੀ ਹਨ। ਇਸ ਤੋਂ ਇਲਾਵਾ ਧਮਾਕੇ ਤੋਂ ਬਾਅਦ 4 ਲੋਕ ਲਾਪਤਾ ਹੋ ਚੁੱਕੇ ਹਨ, ਜਿਨ੍ਹਾਂ ਨੂੰ ਲੱਭਿਆ ਜਾ ਰਿਹਾ ਹੈ। ਸ਼ਹਿਰ ਦੇ ਅਧਿਕਾਰੀਆਂ ਨੇ ਧਮਾਕੇ ਤੋਂ ਤਕਰੀਬਨ 4 ਘੰਟੇ ਬਾਅਦ ਐਲਾਨ ਕੀਤਾ ਕਿ ਅੱਗ ਬੁਝਾ ਦਿੱਤੀ ਗਈ ਹੈ ਪਰ ਬਚਾਅ ਦਲ ਅਜੇ ਵੀ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ।

## ਕਿਸਾਨਾਂ ਨੇ ਦਿੱਲੀ ਦੇ ਜੰਤਰ ਮੰਤਰ ਪਹੁੰਚ ਕੇ ਲਾਈ ਸੰਸਦ

**ਨਵੀਂ ਦਿੱਲੀ/ਕਪੂਰ**

ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅੱਜ ਜੰਤਰ ਮੰਤਰ 'ਤੇ ਕਿਸਾਨਾਂ ਦੀ ਸੰਸਦ ਜਾਰੀ ਰਹੀ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਦੀ ਮੰਗ ਜਾਇਜ ਹੈ ਤੇ ਸਰਕਾਰ ਜਾਣ ਬੁੱਝ ਕੇ ਸਰਮਾਏਦਾਰਾਂ ਨੂੰ ਲਾਭ ਦੇਣ ਲਈ ਕਾਨੂੰਨਾਂ ਨੂੰ ਰੱਦ ਨਹੀਂ ਕਰ ਰਹੀ। ਕਿਸਾਨ ਸੰਸਦ ਦੇ ਮੱਦੇਨਜਰ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਕਿਸਾਨ ਸੰਸਦ ਦੌਰਾਨ ਕਿਸਾਨਾਂ ਨੇ ਆਪਣੇ ਵਿਚਾਰ ਰੱਖੇ।ਇਸ ਮੌਕੇ ਕਿਸਾਨਾਂ ਲਈ ਚਾਹ-ਪਾਣੀ ਦਾ ਇੰਤਜਾਮ ਵੀ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਦਿੱਲੀ ਦੇ ਬਾਰਡਰਾਂ ਤੇ ਦੇਸ਼ ਦੇ ਹੋਰ ਹਿੱਸਿਆਂ ਤੋਂ 200 ਕਿਸਾਨ ਬੱਸਾਂ ਵਿੱਚ ਸਵਾਰ ਹੋ ਕੇ ਜੰਤਰ ਮੰਤਰ ਪੁੱਜੇ।



## 14 ਦਿਨ ਦੇ ਜੁਡੀਸ਼ੀਅਲ ਰਿਮਾਂਡ ਤੇ ਭੇਜਿਆ ਰਾਜ ਕੁੰਦਰਾ

**ਚੰਡੀਗੜ੍ਹ/ਲੋਕ ਬਾਣੀ :** ਮੁੰਬਈ ਦੀ ਸਥਾਨਕ ਅਦਾਲਤ ਨੇ ਅਸ਼ਲੀਲ ਫਿਲਮਾਂ ਦੇ ਮਾਮਲੇ ਵਿੱਚ ਅਦਾਕਾਰਾ ਸ਼ਿਲਪਾ ਸ਼ੈੱਟੀ ਦੇ ਪਤੀ ਰਾਜ ਕੁੰਦਰਾ ਨੂੰ ਅੱਜ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਕੁੰਦਰਾ ਨੂੰ ਅਸਲੀਲ ਫਿਲਮਾਂ ਬਣਾਉਣ ਅਤੇ ਕੁਝ ਐਪਸ ਦੇ ਜਰੀਏ ਵੇਚਣ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।



## ਲਵਲੀਨਾ ਪਹੁੰਚੀ ਓਲੰਪਿਕਸ ਦੇ ਕੁਆਰਟਰ ਫਾਈਨਲ ਵਿਚ

**ਟੋਕੀਓ/ਲੋਕ ਬਾਣੀ**

ਭਾਰਤੀ ਮੁੱਕੇਬਾਜ ਲਵਲੀਨਾ ਬੋਰਗੋਹੇਨ (69 ਕਿਲੋਗ੍ਰਾਮ) ਨੇ ਓਲੰਪਿਕ ਵਿਚ ਪਹਿਲੀ ਵਾਰ ਖੇਡਦਿਆਂ ਅੱਜ ਨੂੰ ਜਰਮਨੀ ਦੀ ਨੇਦਿਨ ਨੂੰ ਹਰਾ ਕੇ ਕੁਆਰਟਰ ਫਾਈਨਲ ਵਿਚ ਜਗ੍ਹਾ ਬਣਾਈ।ਲਵਲੀਨਾ ਨੇ ਪ੍ਰੀ-ਕੁਆਰਟਰ ਫਾਈਨਲ ਵਿੱਚ 12 ਸਾਲਾ ਵੱਡੀ ਜਰਮਨ ਮੁੱਕੇਬਾਜ ਨੂੰ ਸਖਤ ਮੁਕਾਬਲੇ ਵਿੱਚ 3-2 ਨਾਲ ਹਰਾਇਆ।



## ਮਮਤਾ ਨੇ ਮੋਦੀ ਨੂੰ ਮਿਲ ਕੇ ਆਪਣੇ ਸੂਬੇ ਲਈ ਹੋਰ ਕੋਵਿਡ ਟੀਕਿਆਂ ਦੀ ਕੀਤੀ ਮੰਗ



**ਨਵੀਂ ਦਿੱਲੀ/ਲੋਕ ਬਾਣੀ**

ਤ੍ਰਿਣਮੂਲ ਕਾਂਗਰਸ ਦੀ ਆਗੂ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਏਕਤਾ ਆਪਣੇ ਆਪ ਆਕਾਰ ਲੈ ਲਏਗੀ। ਮਮਤਾ ਬੈਨਰਜੀ ਜੋ ਦਿੱਲੀ ਵਿੱਚ ਹਨ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ । ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਆਬਾਦੀ ਨੂੰ ਦੇਖਦਿਆਂ ਉਨ੍ਹਾਂ ਦੇ ਸੂਬੇ ਨੂੰ ਹੋਰ ਕਰੋਨਾ ਵੈਕਸੀਨ ਦਿੱਤੀ ਜਾਵੇ। ਸੱਤਾਧਾਰੀ ਐਨਡੀਏ ਖਲਿਾਫ ਵਿਰੋਧੀ ਪਾਰਟੀਆਂ ਦੀ ਏਕਤਾ ਸਬੰਧੀ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਹ ਆਪਣੇ ਆਪ ਹੀ ਆਕਾਰ ਲੈ ਲਏਗਾ।

## ਅਦਾਰੇ ਵਲੋਂ ਪੱਤਰਕਾਰਾਂ ਤੇ ਫੋਟੋਗ੍ਰਾਫਰ ਲਈ ਜਰੂਰੀ ਸੂਚਨਾ

ਰੋਜਾਨਾ ਲੋਕ ਬਾਣੀ ਅਖਬਾਰ ਵਲੋਂ ਜੋ ਸੇਵਾ ਮੈਂਬਰਾਂ ਨੂੰ ਬਖਸ਼ੀ ਗਈ ਸੀ ਜੋ ਪੱਤਰਕਾਰ ਤੇ ਫੋਟੋਗ੍ਰਾਫਰ ਇਨ੍ਹਾਂ ਤੇ ਖਰੇ ਨਹੀਂ ਉਤਰ ਰਹੇ ਖਬਰਾਂ ਤੇ ਇਸ਼ਤਿਹਾਰ ਨਹੀਂ ਦੇ ਸਕੇ ਤੇ ਜਿਨ੍ਹਾਂ ਦੇ ਸ਼ਨਾਖਤੀ ਕਾਰਡ ਖਤਮ ਹਨ ਉਨ੍ਹਾਂ ਦੀਆਂ ਸੇਵਾਵਾਂ ਰੱਦ ਕੀਤੀਆਂ ਜਾਂਦੀਆਂ ਹਨ ਉਹ ਆਪਣੇ ਸ਼ਨਾਖਤੀ ਕਾਰਡ ਮੁੱਖ ਦਫਤਰ 30.7.21 ਸ਼ਾਮ 5 ਵਜੇ ਤੱਕ ਜਮ੍ਹਾਂ ਕਰਵਾ ਦੇਣ ਨਹੀਂ ਤਾ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

ਵਲੋਂ ਉਪ ਸੰਪਾਦਕ/ਸਰਵਣ ਸਿੰਘ
01812211009

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪਾਵਰਕਾਮ ਦੇ ਸਹਾਇਕ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਕੀਤੀ ਮੀਟਿੰਗ



**ਮਮਦੋਟ /ਹਰਪ੍ਰੀਤ ਸਿੰਘ ਹੈਪੀ**

ਸਬ ਡਵੀਜਨ ਝੋਕ ਟਹਿਲ ਸਿੰਘ ਦੇ ਅਧੀਨ ਆਉਦੇ 33ਕੇ ਵੀ ਗਰਿੱਡ ਹਾਮਦ ਵਿਖੇ ਲਾਈਨਮੈਨ ਯੂਨੀਅਨ(ਮਾਨ) ਦੇ ਸੀਨੀਅਰ ਆਗੂ ਸਾਥੀ ਹਿਤੇਸ ਕੁਮਾਰ ਅਤੇ ਸਾਥੀ ਗੁਰਦੇਵ ਸਿੰਘ ਮਮਦੋਟ ਦੀ ਅਗਵਾਈ ਵਿੱਚ ਇੱਕ ਵਿਸੇਸ ਮੀਟਿੰਗ ਕੀਤੀ ਗਈ ਇਸ ਮੌਕੇ ਸਾਰੇ ਸਹਾਇਕ ਲਾਈਨਮੈਨ ਸਾਥੀਆ ਦੀਆ ਸਾਝੀਆਂ ਮੰਗਾ ਤੇ ਵਿਚਾਰ ਪ੍ਰਗਟ ਕਰਦਿਆ ਉਨ੍ਹਾਂ ਕਿ ਪਾਵਰਕਾਮ ਦੀ ਮੈਨੇਜਮੈਂਟ ਵੱਲੋ 23ਜੂਨ2021 ਨੂੰ ਸਹਾਇਕ ਲਾਈਨਮੈਨਾਂ ਤੋ ਬਿਨਾਂ ਲਾਭ ਦਿੱਤੇ ਲਾਈਨਮੈਨ ਦਾਂ ਕੰਮ ਲੈਣ ਸਬੰਧੀ ਜੋ ਪੱਤਰ ਜਾਰੀ ਕੀਤਾ ਹੈ ਉਸ ਨੂੰ ਮੈਨੇਜਮੈਂਟ ਤੁਰੰਤ ਵਾਪਸ ਲਵੇ ਅਤੇ 295/19 ਦੀ ਭਰਤੀ ਵਿੱਚ ਰਹਿੰਦੇ ਵੇਟਿੰਗ ਵਾਲੇ ਸਾਥੀਆ ਦੇ ਨਾਲ42+ਵਾਲੇ ਸਾਥੀਆ ਨੂੰ ਜਲਦੀ ਆਰਡਰ ਦਿੱਤੇ ਜਾਣ। ਬੀ ਐਲ ਯੂ ਮਾਨ ਦੇ ਸੂਬਾ ਜਨਰਲ ਸਕੱਤਰ ਹਿਤੇਸ਼ ਕੁਮਾਰ ਫਿਰੋਜ਼ਪੁਰ ਨੇ ਪਾਵਰਕਾਮ ਦੀ ਮੈਨੇਜਮੈਂਟ ਤੋ ਮੰਗ ਕਰਦੇ ਹੋਏ ਕਿਹਾ ਕਿ ਨਵੇ ਭਰਤੀ ਹੋਏ ਸਾਥੀਆਂ ਨੂੰ 400 ਬਿਜਲੀ ਯੂਨਿਟਾਂ ਵਿੱਚ ਰਿਆਇਤਾਂ ਦਿੱਤੀਆ ਜਾਣ ,ਜੋ ਸਾਥੀ ਬਿਜਲੀ ਦੁਰਘਟਨਾ ਕਾਰਨ ਮੌਤ ਹੋ ਗਈ ਹੈ ਉਹਨਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜਾ ਅਤੇ ਆਸ਼ਰਿਤਾਂ ਲਈ ਪਾਵਰਕਾਮ ਵਿੱਚ ਨੌਕਰੀ ਦਿੱਤੀ ਜਾਵੇ ।ਪਾਵਰਕਾਮ ਵਿੱਚ ਲੰਬੇ ਸਮੇ ਤੋ ਕੰਮ ਕਰਦੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ ,ਅਖੀਰ ਵਿੱਚ ਪੰਜਾਬ ਸਰਕਾਰ ਤੋ ਮੰਗ ਕਰਦੇ ਹੋਏ ਉਹਨਾਂ ਕਿਹਾ ਕਿ ਸਰਕਾਰ 2006 ਤੋ ਬਾਅਦ ਭਰਤੀ ਹੋਏ ਮੁਲਾਜ਼ਮਾ ਦੀ ਪੁਰਾਣੀ ਪੈਨਸਨ ਬਹਾਲ ਕਰੇ ਨਹੀ ਤਾਂ ਸਾਨੂੰ ਪੰਜਾਬ ਸਰਕਾਰ ਅਤੇ ਪਾਵਰਕਾਮ ਖਿਲਾਫ ਤਿੱਖਾ ਸ਼ੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ ।ਇਸ ਮੌਕੇ ਸਾਥੀ ਕਰਮਜੀਤ ਸਿਆਲ,ਕੇਸ਼ਵ ਕੁਮਾਰ, ਸਾਹਬ ਸਿੰਘ ਮਿਸ਼ਰੀਵਾਲਾ,ਹਰੀ ਸਿੰਘ ਸਦਰਦੀਨ,ਗੁਰਵੀਰ ਸਿੰਘ ਕੋਹਰ ਸਿੰਘ ਵਾਲਾ,ਜਗਮੀਤ ਸਿੰਘ ਸਦਰਦੀਨ,ਰੁਪਿੰਦਰ ਸਿੰਘ ਮਾਮੂਜੋਇਆ ,ਰਜਿੰਦਰ ਕੁਮਾਰ ਮੋਹਨ ਕੇ , ਸੁਰਿੰਦਰ ਕੁਮਾਰ ਮੇਘਾ, ਨਵਜੋਤ ਸਿੰਘ ਕੋਹਰ ਸਿੰਘ ਵਾਲਾ , ਹਰਜਿੰਦਰ ਕੁਮਾਰ ਗੋਲੂ ਕਾ , ਰਣਜੀਤ ਸਿੰਘ ਲੱਖੋ ਕੇ ,ਸਵਰਨ ਸਿੰਘ ਖੰਬਾ , ਰੂਪ ਸਿੰਘ ਅਲੀ ਕੇ ,ਸੁਖਦੀਪ ਸਿੰਘ ਪਿੰਡੀ , ਗੁਰਮੀਤ ਹਾਡਾਂ ਦਿਲਾਰਾਮ, ਗੁਰਮੇਜ ਸਿੰਘ ਹਾਮਦ , ਗੁਰਪ੍ਰੀਤ ਸਿੰਘ ਆਦਿ ਸਾਥੀ ਹਾਜਰ ਸਨ।

# ਸ਼ਾਤੀ ਦੇਵੀ ਕਾਲਜ ਚ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ




**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਵਿਖੇ ਪ੍ਰਿੰਸੀਪਲ ਡਾ: ਰੀਨਾ ਤਲਵਾੜ ਦੀ ਪ੍ਰਧਾਨਗੀ ਹੇਠ ਐਨ ਸੀ ਸੀ ਅਤੇ ਐਨ ਐਸ ਐਸ ਵਿਭਾਗ ਨੇ ਕਾਰਗਿਲ ਵਿਜੇ ਦਿਵਸ ਮਨਾਉਂਦੇ ਹੋਏ ਸਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ।26 ਜੁਲਾਈ 1999 ਨੂੰ, ਭਾਰਤੀ ਫੌਜ ਨੇ ਕਾਰਗਿਲ ਯੁੱਧ ਦੌਰਾਨ ਆਪ੍ਰੇਸਨ ਵਿਜੇ ਨੂੰ ਸਫਲਤਾਪੂਰਵਕ ਚਲਾ ਕੇ ਭਾਰਤ ਨੂੰ ਘੁਸਪੈਠੀਆਂ ਦੇ ਚੁੰਗਲ ਤੋਂ ਆਜਾਦ ਕਰਵਾਇਆ ਸੀ, ਇਸ ਮੌਕੇ ਤੇ ਸ਼ਹੀਦਾਂ ਦੀ ਯਾਦ ਵਿੱਚ ਕਾਲਜ ਦੇ ਸਾਰੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੇ ਪ੍ਰਿੰਸੀਪਲ ਰੀਨਾ ਤਲਵਾਰ ਦੀ ਪ੍ਰਧਾਨਗੀ ਵਿੱਚ ਕੈਂਡਲ ਮਾਰਚ ਕੱਢ ਕੇ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ 2 ਮਿੰਟ ਦਾ ਮੌਨ ਰੱਖਿਆ। .ਇਸ ਮੌਕੇ, ਡਾ: ਅੰਜਨਾ ਮਲਹੋਤਰਾ ਦੁਆਰਾ ਕਾਰਗਿਲ ਸਹੀਦਾਂ 'ਤੇ ਲਿਖਣ ਮੁਕਾਬਲੇ, ਪੋਸਟਰ ਮੇਕਿੰਗ ਅਤੇ ਵੀਡੀਓ ਆਨ ਕਾਰਗਿਲ ਪ੍ਰਤੀਯੋਗਿਤਾ ਤੇ ਇੱਕ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਐਨ.ਸੀ.ਸੀ ਅਤੇ ਐਨਐਸਐਸਕੇ ਦੇ ਕੈਡਿਟਾਂ ਅਤੇ ਵਲੰਟੀਅਰਾਂ ਨੇ ਹਿੱਸਾ ਲਿਆ ।ਡਾ ਰੀਨਾ ਤਲਵਾਰ ਡਾ: ਰੀਨਾ ਤਲਵਾੜ ਨੇ ਵਿਦਿਆਰਥੀਆਂ ਨੂੰ ਕਾਰਗਿਲ ਦੇ ਸਹੀਦਾਂ ਦੀ ਸਹਾਦਤ ਦੀ ਯਾਦ ਦਿਵਾਉਂਦੇ ਹੋਏ ਉਨ੍ਹਾਂ ਨੂੰ ਦੇਸ ਦੀ ਸੁਰੱਖਿਆ ਲਈ ਸਹੀਦ ਕੀਤੇ ਗਏ ਸੈਨਿਕਾਂ ਦੀ ਕੁਰਬਾਨੀ ਬਾਰੇ ਦੱਸਿਆ ਅਤੇ ਕਿਹਾ ਕਿ ਇੱਕ ਬਹੁਤ ਜੱਦੋਜਹਿਦ ਤੋਂ ਬਾਅਦ, ਭਾਰਤੀ ਫੌਜ ਨੇ ਸਫਲਤਾਪੂਰਵਕ ਭਾਰਤ ਦੀ ਧਰਤੀ ਨੂੰ ਆਜਾਦ ਕਰਵਾਉਣ ਤੋਂ ਬਾਅਦ ਪਾਕਿਸਤਾਨ ਵੱਲੋਂ ਕੀਤੇ ਕਬਜੇ ਨੂੰ ਮੁਕਤ ਕਰਵਾਇਆ ਸੀ । ਜਿਸ ਵਿੱਚ 528 ਫੌਜੀਆਂ ਨੇ ਸਹਾਦਤ ਦਾ ਜਾਮ ਪੀਤਾਸੀ ਉਨ੍ਹਾਂ ਕਿਹਾ ਕਿ ਅੱਜ ਅਸੀਂ ਉਨ੍ਹਾਂ ਸਹੀਦਾਂ ਨੂੰ ਸਲਾਮ ਕਰਦੇ ਹਾਂ।ਇਸ ਮੌਕੇ ਤੇ ਡਾ. ਅੰਜਨਾ ਮਲਹੋਤਰਾ, ਡਾ: ਸੁਸਮਾ ਗੁਪਤਾ, ਡਾ: ਕੁਲਵਿੰਦਰ ਕੌਰ ਛੀਨਾ, ਮਨੀਸਾ ਕਾਹਲੋ, ਐਨ ਐਸ ਐਸ ਕੋਆਰਡੀਨੇਟਰ ਸੰਗੀਤਾ ਮਲਹੋਤਰਾ, ਐਨ ਸੀ ਸੀ ਪ੍ਰੋਫੈਸਰ ਦੀਪਕ ਜੋਤੀ, ਮੀਨੂੰ ਸਰਮਾ, ਰਣਦੀਪ ਕੌਰ ਅਤੇ ਰਮਾ ਕਪੂਰ ਆਦਿ ਹਾਜਰ ਸਨ।

## ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ਦੀਆਂ ਵਿਦਿਆਰਥਣਾਂ ਨੇ ਮਾਰੀਆਂ ਮੱਲਾਂ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਦਾ ਡੀ ਲਿਬ ਵਿਭਾਗ ਦੇ ਪਹਿਲੇ ਸਮੈਸਟਰ ਦਾ ਨਤੀਜਾ ਸਾਨਦਾਰ ਰਿਹਾ। ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਦੱਸਿਆ ਕਿ ਕਾਲਜ ਦੀ ਵਿਦਿਆਰਥਣ ਜਸਵੀਰ ਕੌਰ ਨੇ 300 ਵਿਚੋਂ 196 ਅੰਕਾਂ ਨਾਲ ਯੂਨੀਵਰਸਿਟੀ ਵਿਚ ਦੂਸਰਾ ਸਥਾਨ, ਮਨਜੀਤ ਕੌਰ ਨੇ 186 ਅੰਕਾਂ ਨਾਲ ਯੂਨੀਵਰਸਿਟੀ ਵਿਚ ਪੰਜਵਾਂ ਸਥਾਨ, ਅਮਨਦੀਪ ਕੌਰ ਅਤੇ ਵਿਸਾਲੀ ਜੱਗੀ ਨੇ 185 ਅੰਕਾਂ ਨਾਲ ਯੂਨੀਵਰਸਿਟੀ ਵਿਚ ਛੇਵਾਂ ਸਥਾਨ ਪ੍ਰਾਪਤ ਕੀਤਾ। ਅਤੇ ਨਵਜੋਤ ਕੌਰ ਨੇ 182 ਅੰਕਾਂ ਨਾਲ ਯੂਨੀਵਰਸਿਟੀ ਵਿਚ ਅੱਠਵਾਂ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸਨ ਕੀਤਾ ਹੈ । ਪ੍ਰਿੰਸੀਪਲ ਡਾ ਰੀਨਾ ਤਲਵਾੜ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਸਾਨਦਾਰ ਨਤੀਜਿਆਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

# ਪ੍ਰਿੰਸੀਪਲਾਂ 'ਤੇ ਇੰਚਾਰਜਾਂ ਦੀ ਹੋਈ ਰੋਜ਼ਾ ਟਰੇਨਿੰਗ



**ਭੋਗਪੁਰ/ ਸੁੱਖਵਿੰਦਰ ਜੰਡੀਰ .**

ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਨੋਡਲ ਇੰਚਾਰਜ ਸ਼੍ਰੀਮਤੀ ਮੁਨੀਲਾ ਅਰੋੜਾ ਦੀ ਅਗਵਾਈ ਵਿੱਚ ਬਲਾਕ ਭੋਗਪੁਰ ਦੇ ਪ੍ਰਿੰਸੀਪਲਾਂ, ਮੁੱਖ ਅਧਿਆਪਕ ਅਤੇ ਸਕੂਲ ਇੰਚਾਰਜਾਂ ਦੀ ਇੱਕ ਦਿਨ ਦੀ ਐਨ.ਏ.ਐਸ.(ਨੈਸ਼ਨਲ ਅਚੀਵਮੈਂਟ ਸਰਵੇ 2021) ਦੀ ਟਰੇਨਿੰਗ ਸ.ਕੰ.ਸ.ਸ.ਸ. ਲੜੋਆ ਵਿਖੇ ਲਗਾਈ ਗਈ।ਇਸ ਟਰੇਨਿੰਗ ਦਾ ਮੁੱਖ ਮੰਤਵ ਅੱਠਵੀਂ ਅਤੇ ਦੱਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਨਵੰਬਰ 2021 ਵਿੱਚ ਹੋਣ ਵਾਲੇ ਸਰਵੇ ਪ੍ਰਤੀ ਜਾਗਰੂਕਤਾ ਪੈਦਾ ਕਰਨੀ ਸੀ। ਬਲਾਕ ਨੋਡਲ ਇੰਚਾਰਜ ਸ਼੍ਰੀਮਤੀ ਮੁਨੀਲਾ ਅਰੋੜਾ ਨੇ ਦੱਸਿਆ ਕਿ ਨਵੰਬਰ 2021 ਨੂੰ ਦੇਸ਼ ਭਰ ਵਿੱਚ ਐਨ.ਏ.ਐਸ. ਹੋ ਰਿਹਾ ਹੈ। ਇਸ ਲਈ ਵਿਭਾਗੀ ਹਦਾਇਤਾਂ ਅਨੁਸਾਰ ਸਕੂਲ ਮੁਖੀਆਂ ਨੂੰ ਇੱਕ ਦਿਨ ਦੀ ਟਰੇਨਿੰਗ ਦਿੱਤੀ ਗਈ ਹੈ। ਉਹਨਾਂ ਵੱਲੋਂ ਵਿਸਥਾਰ ਸਹਿਤ ਟਰੇਨਿੰਗ ਦੇ ਅਲੱਗ-ਅਲੱਗ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ। ਬਲਾਕ ਸੈਟਰਜ਼ ਜਸਕਿੰਦਰ ਸਿੰਘ (ਅੰਗਰੇਜੀ, ਸਮਾਜਿਕ ਸਿੱਖਿਆ), ਰਾਜੀਵ ਭੱਟੀ (ਸਾਇੰਸ), ਜਰਨੈਲ ਸਿੰਘ (ਮੈਥ), ਕੀਰਤੀ ਸਿੰਘ (ਪੰਜਾਬੀ), ਰੁਪਿੰਦਰ ਕੌਰ (ਹਿੰਦੀ) ਨੇ ਆਪਣੇ-ਆਪਣੇ ਵਿਸ਼ੇ ਦੀ ਟਰੇਨਿੰਗ ਕਰਵਾਈ। ਟਰੇਨਿੰਗ ਦੇ ਅੰਤ ਵਿੱਚ ਸਕੂਲ ਮੁਖੀਆਂ ਤੋਂ ਫੀਡਬੈਕ ਲਿਆ ਗਿਆ ਅਤੇ ਉਹਨਾਂ ਨੂੰ ਇਸ ਸਰਵੇ ਵਿੱਚ ਵਧੀਆ ਕਾਰਗੁਜਾਰੀ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਜਸਵੀਰ ਸਿੰਘ, ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ, ਪ੍ਰਿੰਸੀਪਲ ਪ੍ਰੇਮ ਸਿੰਘ, ਇੰਚਾਰਜ ਰਾਜਵਿੰਦਰ ਕੌਰ, ਮਨਜੀਤ ਕੌਰ, ਇੰਦੂ, ਸ਼ਵੇਤਾ ਢੱਲ, ਅੰਜੂ, ਮਨਜਿੰਦਰ ਪਾਲ ਸਿੰਘ, ਇਕਬਾਲ ਸਿੰਘ, ਰਾਜ ਕੁਮਾਰ, ਸਰਬਜੀਤ, ਦੀਕਸ਼ਤ ਕੁਮਾਰ, ਇਸ਼ਪਿੰਦਰ ਕੌਰ ਅਤੇ ਵੰਸ਼ਿਕਾ ਹਾਜ਼ਰ ਸਨ।

# ਕਾਂਗਰਸੀਆਂ ਦੀ ਹੋਈ ਵਿਸੇਸ ਬੈਠਕ ਕਿਹਾ ਹਾਈਕਮਾਂਡ ਸੌਪੇ ਪ੍ਰਤਾਪ ਸਿੰਘ ਬਾਜਵਾ ਨੂੰ ਵੱਡੀ ਜਿੰਮੇਵਾਰੀ

**ਸ਼ਾਹਪੁਰ ਕੰਢੀ/ਸੱਖਵਿੰਦਰ ਜੰਡੀਰ**



2022 ਦੇ ਚੋਣਾਵ ਨਜਦੀਕ ਆ ਰਹੇ ਹਨ, ਕਾਂਗਰਸੀਆਂ ਨੂੰ ਪਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਕਮੀ ਮਹਿਸੂਸ ਹੁੰਦੀ ਦਿਖ ਰਹੀ ਹੈ , ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਰਾਜਨੀਤੀ ਵਿਚ ਲਿਆਉਣ ਲਈ ਉਨ੍ਹਾਂ ਦੇ ਸਮਰਥਕਾਂ ਵਲੋਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਇਸ ਸਿਲਸਿਲੇ ਵਿੱਚ ਅੱਜ ਪਠਾਨਕੋਟ ਕਾਂਗਰਸ ਅਧਿਕਾਰੀਆਂ ਵੱਲੋਂ ਇੱਕ ਮੀਟਿੰਗ ਕੀਤੀ ਗਈ ਜਿਸ ਵਿਚ ਭਾਰਤ ਰਾਹੁਲ ਗਾਂਧੀ ਬ੍ਰਗ੍ਰੇਡ ਦੇ ਪ੍ਰਧਾਨ ਪੰਜਾਬ ਹਿਮਾਚਲ ਅਤੇ ਜੰਮੂ ਦੇ ਡਾਕਟਰ ਵਿੱਕੀ ਕਾਠਾ ਜਲ੍ਹਿਾ ਕਾਂਗਰਸ ਦੇ ਸੀ ਮੀਤ ਪ੍ਰਧਾਨ,ਅਮਿਤ, ਵਰੁਣ ਕੋਹਲੀ, ਦੀਪਕ ਸਰਮਾ ਮੀਤ ਪ੍ਰਧਾਨ, ਅਮਿਤ ਮੈਹਰਾ ਮਨੀਸ ਕੁਮਾਰ ਮੌਜੂਦ ਸਨ ਇਸ ਮੌਕੇ ਤੇ ਕਾਂਗਰਸੀਆਂ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਨੂੰ ਵੱਡੀ ਜੁੰਮੇਵਾਰੀ ਸੌਂਪੀ ਜਾਏ ਤਾਂ ਕਿ 2022 ਦਾ ਚੋਣਾਵ ਮਜਬੂਤੀ ਨਾਲ ਲੜਿਆ ਜਾ ਸਕੇ ਉਨ੍ਹਾਂ ਕਿਹਾ ਪ੍ਰਤਾਪ ਸਿੰਘ ਬਾਜਵਾ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਹਨ ਉਨ੍ਹਾਂ ਕਿਹਾ ਉਨ੍ਹਾਂ ਦੀ ਕਮੀ ਨੂੰ ਪਾਰਟੀ ਵਿੱਚ ਮਹਿਸੂਸ ਕੀਤਾ ਜਾ ਰਿਹਾ ਹੈ, ਪ੍ਰਤਾਪ ਸਿੰਘ ਬਾਜਵਾ ਦੀ ਪੰਜਾਬ ਚ ਸਮਰਥਕਾਂ ਦੀ ਕਾਫੀ ਜਿਆਦਾ ਗਿਣਤੀ ਹੈ, ਉਨ੍ਹਾਂ ਹਾਈਕਮਾਂਡ ਕਾਂਗਰਸ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਨੂੰ ਅਪੀਲ ਕੀਤੀ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੂੰ ਪਾਰਟੀ ਵਿੱਚ ਵੱਡੀ ਜੰਮਿਵਾਰੀ ਸੌਂਪੀ ਜਾਵੇ।

# ਸ਼ਹੀਦ ਦੀ ਸ਼ਹਾਦਤ ਨੂੰ ਨਹੀਂ ਮਿਲਿਆ ਬਣਦਾ ਸਨਮਾਨ



**ਤਰਨਤਾਰਨ/ਦਿਲਬਗ ਸਿੰਘ ਜੌਹਲ**

ਇਤਿਹਾਸਕ ਕਸਬਾ ਸ਼੍ਰੀ ਗੋਇੰਦਵਾਲ ਸਾਹਿਬ ਦੇ ਰਜੋਰੀ ਖੇਤਰ ਚ ਸ਼ਹੀਦ ਨਾਇਬ ਸੂਬੇਦਾਰ ਰਾਜਵਿੰਦਰ ਸਿੰਘ ਦੇ ਅੰਤਿਮ ਸੰਸਕਾਰ ਵਾਲੀ ਜਗ੍ਹਾ ਉੱਪਰ ਜਿੱਥੇ ਹੁਣ ਤੱਕ ਸੁੰਦਰ ਯਾਦਗਾਰ ਬਣ ਜਾਣੀ ਚਾਹੀਦੀ ਸੀ। ਇਸ ਜਗਾ ਉੱਪਰ ਜੰਗਲੀ ਬੂਟੀਆਂ ਅਤੇ ਗੰਦਗੀ ਤੋਂ ਬਿਨਾ ਹੋਰ ਕੁਝ ਨਹੀਂ ਦਿਖਾਈ ਦਿੰਦਾ ਹੈ ਅਤੇ ਪਸ਼ੂਆਂ ਨੇ ਗੰਦ ਪਾਇਆ ਹੋਇਆ ਹੈ ਅਤੇ ਜਿਸਦੀ ਸਾਫ ਸਫਾਈ ਪਰਿਵਾਰ ਆਪਣੇ ਪੱਧਰ ਤੇ ਕੀਤੀ ਜਾ ਰਹੀ ਹੈ। ਇਸ ਸਬੰਧੀ ਗੱਲਬਾਤ ਦੌਰਾਨ ਸ਼ਹੀਦ ਦੀ ਪਤਨੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਬੀਤੇ ਸਾਲ ਮਿਤੀ 30 ਅਗਸਤ ਨੂੰ ਰਾਜਵਿੰਦਰ ਸਿੰਘ ਨੇ ਦੇਸ ਦੀ ਖਾਤਰ ਲੜਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਤਾ ਸੀ ਅਤੇ ਅੱਜ ਤਕਰੀਬਨ ਇਕ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਸਮੇਂ ਦੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਵੱਲੋਂ ਪਰਿਵਾਰ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਗਏ ਹਨ । ਪਰਿਵਾਰਕ ਮੈਂਬਰਾਂ ਨੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕੇ ਸਰਕਾਰ ਅਤੇ ਪ੍ਰਸ਼ਾਸਨ ਦੇ ਅਵੇਸਲੇਪਨ ਕਾਰਨ ਅੱਜ ਸ਼ਹੀਦ ਦੀ ਅੰਤਿਮ ਸਸਕਾਰ ਵਾਲੀ ਜਗ੍ਹਾ ਦੀ ਦੁਰਦਸ਼ਾ ਵਿਗੜੀ ਗਈ ਹੈ। ਉਹਨਾਂ ਪ੍ਰਸ਼ਾਸ਼ਨ ਕੋਲੋ ਮੰਗ ਕੀਤੀ ਕਿ 15 ਅਗਸਤ ਤੋਂ ਪਹਿਲਾਂ ਪਹਿਲਾਂ ਯਾਦਗਾਰ ਤਿਆਰ ਕੀਤੀ ਜਾਵੇ ਅਤੇ ਜੇਕਰ ਪ੍ਰਸ਼ਾਸ਼ਨ ਵੱਲੋਂ ਯਾਦਗਾਰ ਨਹੀਂ ਬਣਾਈ ਗਈ ਤਾ ਉਹ ਖੁਦ ਇਲਾਕਾ ਨਿਵਾਸੀਆਂ ਦੀ ਮਦਦ ਨਾਲ ਇਸ ਜਗ੍ਹਾ ਉੱਪਰ ਯਾਦਗਾਰ ਬਣਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਮਿਤੀ 30 ਅਗਸਤ 2021 ਨੂੰ ਸ਼ਹੀਦ ਰਾਜਵਿੰਦਰ ਸਿੰਘ ਦੀ ਸਾਲਾਨਾ ਬਰਸੀ ਮਨਾਈ ਜਾਣੀ ਹੈ ਜਿਸ ਨੂੰ ਲੈ ਕੇ ਪਰਿਵਾਰ ਡੂੰਘੀ ਚਿੰਤਾ ਵਿੱਚ ਦਿਖਾਈ ਦੇ ਰਿਹਾ ਹੈ ਕਿ ਆਖਰ ਅਜਿਹੇ ਹਾਲਾਤਾਂ ਵਿੱਚ ਓਹ ਕਿਸ ਤਰ੍ਹਾਂ ਸ਼ਹੀਦ ਦੀ ਬਰਸ਼ੀ ਮਨਾਉਣਗੇ ਅਤੇ ਬਰਸ਼ੀ ਸਮਾਗਮ ਵਿੱਚ ਪਹੁੰਚੇ ਲੋਕ ਸ਼ਹੀਦ ਦੀ ਅੰਤਿਮ ਸਸਕਾਰ ਵਾਲੀ ਜਗ੍ਹਾ ਨੂੰ ਦੇਖ ਕੇ ਕੀ ਕਹਿਣਗੇ। ਇਸ ਸਬੰਧੀ ਜਦੋਂ ਡਿਪਟੀ ਕਮਿਸਨਰ ਤਰਨ ਤਾਰਨ ਕੁਲਵੰਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਿਸ ਜਗ੍ਹਾ ਯਾਦਗਾਰ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਉਹ ਹੈਲਥ ਡਿਪਾਰਟਮੈਂਟ ਦੀ ਜਗ੍ਹਾ ਹੈ ਅਤੇ ਹੈਲਥ ਡਿਪਾਰਟਮੈਂਟ ਨੂੰ ਕਾਰਵਾਈ ਕਰਨ ਲਈ ਲਿਖਿਆ ਹੋਇਆ ਹੈ ਅਤੇ ਜਦੋਂ ਵੀ ਮਨਜੂਰੀ ਮਿਲਦੀ ਹੈ ਤਾਂ ਯਾਦਗਾਰ ਜਰੂਰ ਬਣੇਗੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੇਂਦਰੀ ਜੇਲ੍ਹ 'ਚ ਆਟਾ ਗੁੰਨਣ ਵਾਲੀ ਮਸ਼ੀਨ ਸਥਾਪਤ



**ਲੁਧਿਆਣਾ/ਸੁਖਚੈਨ ਮਹਿਰਾ**

ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਅਤੇ ਸ੍ਰੀ ਪੀ.ਐਸ. ਕਾਲੇਕਾ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਸਮੇਂ-ਸਮੇਂ ਸਿਰ ਕੀਤੇ ਗਏ ਲੁਧਿਆਣਾ ਕੇਂਦਰੀ ਜੇਲ ਦੇ ਦੌਰਿਆਂ ਦੌਰਾਨ ਇਹ ਮਹਿਸੂਸ ਕੀਤਾ ਕਿ ਜੇਲ੍ਹ ਵਿੱਚ ਹਵਾਲਾਤੀਆਂ ਅਤੇ ਕੈਦੀਆਂ ਦੀ ਰੋਟੀ ਬਣਾਉਣ ਲਈ ਆਟਾ ਗੁੰਨ੍ਹਣ ਦਾ ਕੰਮ ਸਾਫ-ਸੁਥਰੇ ਢੰਗ ਨਾਲ ਨਹੀਂ ਹੋ ਰਿਹਾ ਸੀ। ਜੇਲ੍ਹ ਸੁਪਰਡੈਂਟ ਦੀ ਬੇਨਤੀ ਅਤੇ ਜੇਲ੍ਹ ਦੇ ਬੰਦੀਆਂ ਲਈ ਸਾਫ-ਸੁਥਰੇ ਢੰਗ ਨਾਲ ਰੋਟੀ ਬਣਾਉਣਾ ਯਕੀਨੀ ਬਣਾਉਣ ਲਈ ਆਟਾ ਗੁੰਨਣ ਵਾਲੀ ਮਸ਼ੀਨ ਮੁਹੱਈਆ ਕਰਵਾਉਣ ਸਬੰਧੀ ਵਿਚਾਰ ਕੀਤਾ ਗਿਆ।

ਇਸ ਸਬੰਧ ਵਿੱਚ "ਸਰਬਤ ਦਾ ਭਲਾ ਟਰੱਸਟ" ਵੱਲੋਂ ਪਹਿਲ ਕਦਮੀ ਕਰਦਿਆਂ ਆਟਾ ਗੁੰਨ੍ਹਣ ਵਾਲੀ ਮਸ਼ੀਨ ਮੁਹੱਈਆ ਕਰਵਾਉਣ ਲਈ ਹਾਮੀ ਭਰੀ ਗਈ ਅਤੇ ਅੱਜ ਮਿਤੀ 27-07-2021 ਨੂੰ ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸ੍ਰੀ ਪੀ.ਐਸ. ਕਾਲੇਕਾ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਕੇਂਦਰੀ ਜੇਲ੍ਹ, ਲੁਧਿਆਣਾ ਵਿੱਚ 'ਸਰਬਤ ਦਾ ਭਲਾ' ਟਰੱਸਟ ਦੇ ਸਹਿਯੋਗ ਨਾਲ ਆਟਾ ਗੁੰਨਣ ਵਾਲੀ ਮਸ਼ੀਨ ਸਥਾਪਤ ਕਰਕੇ ਉਸਦਾ ਉਦਘਾਟਨ ਕੀਤਾ ਗਿਆ ਤਾਂ ਜੋ ਜੇਲ੍ਹ ਦੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਸਾਫ-ਸੁਥਰਾ ਖਾਣਾ ਮੁਹੱਈਆ ਕਰਵਾਇਆ ਜਾ ਸਕੇ।

ਇਸ ਮੌਕੇ ਹਵਾਲਾਤੀਆਂ ਅਤੇ ਕੈਦੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਸਕੀਮ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਜੇਲ੍ਹ ਦੇ ਹਵਾਲਾਤੀਆਂ ਅਤੇ ਕੈਦੀਆਂ ਵੱਲੋਂ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਅਤੇ 'ਸਰਬਤ ਦਾ ਭਲਾ' ਟਰੱਸਟ' ਦਾ ਜੇਲ੍ਹ ਵਿੱਚ ਆਟਾ ਗੁੰਨ੍ਹਣ ਵਾਲੀ ਮਸ਼ੀਨ ਮੁਹੱਈਆ ਕਰਵਾਉਣ ਲਈ ਧੰਨਵਾਦ ਕੀਤਾ ਗਿਆ।

ਇਸਦੇ ਨਾਲ ਹੀ ਸ੍ਰੀ ਮੁਨੀਸ਼ ਸਿੰਗਲ, ਮਾਨਯੋਗ ਜਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਸ੍ਰੀ ਪੀ.ਐਸ.ਕਾਲੇਕਾ, ਮਾਨਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਜਨਾਨਾ ਜੇਲ੍ਹ, ਲੁਧਿਆਣਾ ਦੇ ਬੰਦੀਆਂ ਵਿੱਚ ਜੇਲ੍ਹ ਦੀ ਡਾਕਟਰ ਮਨਪ੍ਰੀਤ ਕੌਰ ਦੀ ਹਾਜ਼ਰੀ ਵਿੱਚ 'ਸਰਬਤ ਦਾ ਭਲਾ' ਟਰੱਸਟ' ਦੇ ਸਹਿਯੋਗ ਨਾਲ ਮਲਟੀ ਵਾਈਟਾਮਿੰਸ ਦੀਆਂ ਟੈਬਲੇਟਜ ਵੀ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਤੇ 'ਸਰਬਤ ਦਾ ਭਲਾ ਟਰੱਸਟ' ਵੱਲੋਂ ਸ੍ਰੀ ਇਕਬਾਲ ਸਿੰਘ ਗਿੱਲ, ਆਈ.ਪੀ.ਐਸ. (ਰਿਟਾਇਰਡ), ਜਿਲ੍ਹਾ ਸਰਪ੍ਰਸਤ, ਸ੍ਰੀ ਜਸਵੰਤ ਸਿੰਘ, ਜਿਲ੍ਹਾ ਪ੍ਰਧਾਨ, ਡਾ. ਚੰਦਰ ਭਨੋਟ ਅਤੇ ਸ੍ਰੀ ਹਰਿੰਦਰ ਸਿੰਘ ਰਕਵਾ ਤੋਂ ਇਲਾਵਾ ਕੇਂਦਰੀ ਜੇਲ੍ਹ, ਲੁਧਿਆਣਾ ਵੱਲੋਂ ਸ੍ਰੀ ਬਲਕਾਰ ਸਿੰਘ ਭੁੱਲਰ, ਸੁਪਰਡੈਂਟ ਅਤੇ ਸ੍ਰੀ ਸਤਨਾਮ ਸਿੰਘ ਡਿਪਟੀ ਸੁਪਰਡੈਂਟ, ਕੇਂਦਰੀ ਜੇਲ੍ਹ, ਲੁਧਿਆਣਾ ਮੌਜੂਦ ਸਨ।

## ਕਾਰਗਿਲ ਦੀ ਜੰਗ ਦੀ 22ਵੀਂ ਬਰਸੀ ਮੌਕੇ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ

**ਲੁਧਿਆਣਾ/ ਸੁਖਚੈਨ ਮਹਿਰਾ**

ਰੱਖ ਬਾਗ ਲੁਧਿਆਣਾ ਵਿਖੇ ਪੰਜਾਬ ਪ੍ਰਦੇਸ਼ ਯੂਥ ਕਾਂਗਰਸ ਐਂਡ ਵੈਲਫੇਅਰ ਸੈੱਲ ਹਲਕਾ ਪੱਛਮੀ ਲੁਧਿਆਣਾ ਚੇਅਰਮੈਨ ਚੌਧਰੀ ਮਨੀ ਖੀਵਾ ਵਲੋਂ ਕਾਰਗਿਲ ਦੀ ਜੰਗ ਦੀ 22ਵੀਂ ਬਰਸੀ ਮੌਕੇ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਅੱਜ ਦੇ ਦਿਨ ਹੀ ਸੰਨ 1999 ਨੂੰ 60 ਦਿਨ ਚੱਲੀ ਲੰਬੀ ਕਾਰਗਿਲ ਦੀ ਲੜਾਈ ਵਿੱਚ ਭਾਰਤ ਨੇ ਫਤਿਹ ਹਾਸਲ ਕੀਤੀ ਸੀ। ਆਓ ਉਹਨਾਂ ਸਾਰੇ ਸਹੀਦਾਂ ਦੀ ਕੁਰਬਾਨੀ ਨੂੰ ਯਾਦ ਕਰੀਏ ਜਿਨ੍ਹਾਂ ਨੇ ਹੁਣ ਤੱਕ ਦੀ ਸਭ ਤੋਂ ਸਖਤ ਜੰਗ ਵਿੱਚ ਨਾ ਸਿਰਫ ਬਹਾਦਰੀ ਨਾਲ ਜੰਗ ਲੜੀ ਬਲਕਿ ਉਸ 'ਤੇ ਫਤਿਹ ਵੀ ਹਾਸਲ ਕੀਤੀ। ਮੈਂ, ਕਾਰਗਿਲ ਜੰਗ ਦੇ ਸਾਰੇ ਫੌਜੀਆਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਸਲਾਮ ਕਰਦੇ ਹਾਂ। ਅਸੀਂ ਬੇਸ਼ੱਕ ਕਾਰਗਿਲ ਦੀ ਜੰਗ ਵਿੱਚ ਦੁਸ਼ਮਣਾਂ ਨੂੰ ਹਰਾਉਣ ਵਿੱਚ ਸਫਲ ਹੋ ਗਏ ਹੋਈਏ ਪਰ ਖਤਰਾ ਹਾਲੇ ਵੀ ਬਰਕਰਾਰ ਹੈ। ਮੈਨੂੰ ਭਾਰਤੀ ਫੌਜ 'ਤੇ ਪੂਰਾ ਯਕੀਨ ਹੈ ਜੋ ਚੀਨ, ਪਾਕਿਸਤਾਨ ਤੇ ਤਾਲੀਬਾਨ ਦੇ ਸ਼ਾਤਿਰ ਇਰਾਦਿਆਂ ਨਾਲ ਪੈਦਾ ਹੋਣ ਵਾਲੇ ਕਿਸੇ ਵੀ ਹਾਲਾਤ ਦਾ ਸਾਹਮਣਾ ਕਰਨ ਤੇ ਉਸ ਖਿਲਾਫ ਡੱਟ ਕੇ ਲੜਨ ਲਈ ਪੂਰੀ ਤਰਾਂ ਤਿਆਰ-ਬਰ-ਤਿਆਰ ਹੈ।ਇਸ ਮੌਕੇ ਸੰਨੀ ਖੀਵਾ, ਤੇਜਬੀਰ ਸਿੰਘ, ਪਵਨ ਕੁਮਾਰ, ਲਵਪ੍ਰੀਤ ਸਿੰਘ, ਖੁਸ਼ਦੀਪ ਸਿੰਘ ਆਦਿ ਹਾਜਿਰ ਸਨ।




## ਯੁਧਵੀਰ ਸਿੰਘ ਦੇ ਸਬ ਇੰਸਪੈਕਟਰ ਬਣਨ ਤੇ ਸੰਸਥਾ ਵੱਲੋਂ ਕੀਤਾ ਸਨਮਾਨਿਤ



**ਗੁਰਦਾਸਪੁਰ/ਨਵਨੀਤ ਕੁਮਾਰ/ਮੰਗੋਤਰਾ ਸਾਬ**

ਪਿੰਡ ਬਾਉਪੁਰ ਜੱਟਾ ਦੇ ਨੌਜਵਾਨ ਯੁਧਵੀਰ ਸਿੰਘ ਪੁੱਤਰ ਸਿੰਗਾਰਾ ਸਿੰਘ ਵੱਲੋਂ ਸਖਤ ਮਿਹਨਤ ਕਰਕੇ ਸੀ ਆਰ ਪੀ ਐੱਫ ਵਿੱਚ ਸਬ ਇੰਸਪੈਕਟਰ ਦਾ ਅਹੁਦਾ ਹਾਸਲ ਕਰਕੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਆਪਣੇ ਪਿੰਡ ਦਾ ਨਾਮ ਰੋਸ਼ਨ ਕੀਤਾ ਹੈ। ਯੁਧਵੀਰ ਦੇ ਸਬ ਇੰਸਪੈਕਟਰ ਬਣਨ ਨਾਲ ਪਿੰਡ ਵਾਸੀਆਂ ਵਿੱਚ ਖੁੱਸੀ ਦੀ ਲਹਿਰ ਪਾਈ ਜਾ ਰਹੀ ਹੈ। ਸਬ ਇੰਸਪੈਕਟਰ ਯੁਧਵੀਰ ਸਿੰਘ ਅੱਜ ਪਿੰਡ ਬਾਉਪੁਰ ਜੱਟਾ ਵਿੱਚ ਪਹੁੰਚੇ ਤਾਂ ਉਸ ਨੂੰ ਸਰਬਤ ਦਾ ਭਲਾ ਸੰਸਥਾ ਪਿੰਡ ਬਾਉਪੁਰ ਦੇ ਸਰਪ੍ਰਸਤ ਸੁਰਜਨ ਸਿੰਘ ਵੱਲੋਂ ਸਮੂਹ ਸੰਸਥਾ ਦੇ ਮੈਬਰਾਂ ਦੇ ਸਹਿਯੋਗ ਨਾਲ ਸਿਰੋਪਾਓ ਸਾਹਿਬ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੁਰਜਨ ਸਿੰਘ ,ਹਰਜਿੰਦਰ ਸਿੰਘ,ਹਰਜੀਤ ਸਿੰਘ,ਹਰਦਿਆਲ ਸਿੰਘ,ਸਰਦਾਰ ਸਿੰਘ,ਮਾਸਟਰ ਜੋਗਿੰਦਰ ਪਾਲ ਆਦਿ ਵੱਲੋਂ ਦੱਸਿਆ ਕਿ ਸਾਨੂੰ ਯੁਧਵੀਰ ਸਿੰਘ ਦੇ ਸਬ ਇੰਸਪੈਕਟਰ ਬਣਨ ਤੇ ਪੂਰੇ ਪਿੰਡ ਲਈ ਮਾਨ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਪਿੰਡ ਵਿੱਚ ਜੋ ਬੱਚੇ ਪੜਾਈ ਕਰ ਰਹੇ ਹਨ ,ਉਹਨਾ ਲਈ ਯੁਧਵੀਰ ਸਿੰਘ ਪ੍ਰੇਰਨਾ ਸਰੋਤ ਹੋਵੇਗਾ। ਇਸ ਸਮੇਂ ਸਬ ਇੰਸਪੈਕਟਰ ਯੁਧਵੀਰ ਸਿੰਘ ਵੱਲੋਂ ਸਮੂਹ ਪਿੰਡ ਵਾਸੀਆਂ ਦਾ ਸਨਮਾਨਿਤ ਕਰਨ ਤੇ ਧੰਨਵਾਦ ਕੀਤਾ।

## ਸਿਹਤ ਵਿਭਾਗ ਵੱਲੋਂ ਬਰਸਾਤਾਂ ਦੇ ਮੌਸਮ 'ਚ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਕੀਤਾ ਜਾ ਰਿਹਾ ਜਾਗਰੂਕ

**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਡਾ. ਕਿਰਨ ਆਹਲੂਵਾਲੀਆ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀ ਮਾਸ ਮੀਡੀਆ ਟੀਮ ਵਲੋਂ ਬੁੱਢੇ ਨਾਲੇ ਦੇ ਆਸ ਪਾਸ ਲੋਕਾਂ ਨੂੰ ਬਰਸਾਤਾਂ ਦੇ ਮੌਸਮ ਵਿਚ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਮਾਸ ਮੀਡੀਆ ਵਿੰਗ ਦੀ ਟੀਮ ਨੇ ਦੱਸਿਆ ਕਿ ਬਰਸਾਤਾਂ ਵਿਚ ਘਰਾਂ ਦੇ ਆਸ-ਪਾਸ ਪਾਣੀ ਖੜ੍ਹਾ ਹੋਣਾ ਸ਼ੁਰੂ ਜੋ ਜਾਂਦਾ ਹੈ, ਜਿਸ ਨਾਲ ਡੇਗੂ, ਮਲੇਰੀਆ, ਚਿਕਨਗੁਣੀਆ ਤੋਂ ਇਲਾਵਾ ਟੱਟੀਆਂ-ਉਲਟੀਆਂ ਲੱਗਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਕਰਕੇ ਲੋਕਾਂ ਨੂੰ ਆਪਣਾ ਆਲਾ-ਦੁਆਲਾ ਸ਼ਾਫ ਸੁਥਰਾ ਰੱਖਣਾ ਚਾਹੀਦਾ ਹੈ।ਪੀਣ ਵਾਲਾ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ। ਬਜ਼ਾਰਾਂ ਵਿਚ ਅਣਢੱਕੀਆਂ ਚੀਜਾਂ, ਕੱਟੇ ਹੋਏ ਫਲ ਅਤੇ ਜਿਆਦਾ ਪੱਕੇ ਫਲਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਮੌਕੇ ਟੀਮ ਨੇ ਦੱਸਿਆ ਦਸਤ ਲੱਗਣ ਦੀ ਸੂਰਤ ਵਿੱਚ ਓ.ਆਰ.ਐਸ. ਅਤੇ ਜਿੰਕ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਓ.ਆਰ.ਐਸ. ਨਾ ਮਿਲੇ ਤਾਂ ਘਰ ਵਿਚ ਲੂਣ, ਪਾਣੀ, ਚੀਨੀ ਅਤੇ ਨਿੰਬੂ ਦਾ ਘੋਲ ਬਣਾ ਕੇ ਲਿਆ ਜਾਂ ਸਕਦਾ ਹੈ ਤਾਂ ਜੋ ਸਰੀਰ ਵਿਚ ਹੋਣ ਵਾਲੀ ਪਾਣੀ ਦੀ ਕਮੀ ਨੂੰ ਅਤੇ ਖਣਿਜ ਪਦਰਾਥਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ।



## ਮੰਤਰੀ ਅਰੁਨਾ ਚੋਧਰੀ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਅਧਿਕਾਰੀਆਂ ਨੂੰ ਹਦਾਇਤ, ਅਕਤੂਬਰ ਤੱਕ ਸਾਰੇ ਪ੍ਰੋਜੈਕਟਾਂ ਦੇ ਕੰਮ ਨੇਪਰੇ ਚਾੜ੍ਹਨ ਦੇ ਦਿੱਤੇ ਆਦੇਸ਼

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਦਾ ਲੇਖਾ ਜੋਖਾ ਪੇਸ ਕਰਦਿਆਂ ਆਪਣੀ ਰਿਹਾਇਸ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਵਿਧਾਇਕ ਅਤੇ ਕੈਬਨਿਟ ਮੰਤਰੀ ਅਰੁਨਾ ਚੌਧਰੀ ਨੇ ਕਿਹਾ ਕਿ ਦੀਨਾਨਗਰ ਵਿਧਾਨ ਸਭਾ ਹਲਕੇ ਵਿੱਚ ਤੀਜੇ ਪੜਾਅ ਵਿੱਚ ਚੱਲ ਰਹੇ ਵਿਕਾਸ ਕਾਰਜ ਜਿਸ ਵਿੱਚ ਬਹੁਤੇ ਕੰਮ ਮੁਕੰਮਲ ਹੋ ਚੁੱਕੇ ਹਨ ਅਤੇ ਕੁਝ ਕੰਮਾਂ 'ਤੇ ਨਿਰਮਾਣ ਕਾਰਜ ਚੱਲ ਰਹੇ ਹਨ, ਜਦੋਂ ਕਿ ਬਹੁਤ ਸਾਰੇ ਪ੍ਰੋਜੈਕਟਾਂ ਨੂੰ ਚੌਥੇ ਪੜਾਅ ਲਈ ਪ੍ਰਵਾਨਗੀ ਦਿੱਤੀ ਗਈ ਹੈ, ਸਰਕਾਰ ਦੁਆਰਾ ਫੰਡ ਵੀ ਜਾਰੀ ਕੀਤੇ ਗਏ ਹਨ ਅਤੇ ਇਨ੍ਹਾਂ' ਤੇ ਕੰਮ ਜਲਦੀ ਹੀ ਸੁਰੂ ਹੋ ਜਾਵੇਗਾ।ਮੰਤਰੀ ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਵੱਲੋਂ ਤੀਸਰੇ ਪੜਾਅ ਵਿੱਚ ਇਸ ਖੇਤਰ ਵਿੱਚ 348 ਕਿਲੋਮੀਟਰ ਸੜਕਾਂ ਦਾ ਨਵਾਂ ਡਿਜਾਇਨ ਕੀਤਾ ਜਾ ਰਿਹਾ ਹੈ ਜੋ ਇੱਕ ਰਿਕਾਰਡ ਹੈ। ਉਨਾਂ ਕਿਹਾ ਕਿ ਦੀਨਾਨਗਰ ਵਿੱਚ, 37 ਕਰੋੜ ਰੁਪਏ ਦੀ ਲਾਗਤ ਨਾਲ 100 ਪ੍ਰਤੀਸਤ ਸੀਵਰੇਜ ਪਾਈਪ ਪਾਉਣ ਦਾ ਕੰਮ ਸੁਰੂ ਕੀਤਾ ਗਿਆ ਸੀ, ਜੋ ਕਿ 78% ਮੁਕੰਮਲ ਹੋ ਚੁੱਕਾ ਹੈ ਉਨ੍ਹਾਂ ਕਿਹਾ ਕਿ ਜਿੱਥੇ ਸ਼ੀਵਰੇਜ ਦੀ ਪਾਈਪ ਲਾਈਨ ਪੈ ਗਈ ਹੈ ਓਥੇ ਬਹੁਤ ਜਲਦੀ ਗਲੀਆਂ ਨੂੰ ਪੱਕਾ ਬਣਾ ਦਿੱਤਾ ਜਾਵੇਗਾ, ਮੰਤਰੀ ਨੇ ਕਿਹਾ ਕਿ 4:50 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਤਹਿਸੀਲ ਕੰਪਲੈਕਸ ਦਾ ਕੰਮ ਵੀ ਜਲਦੀ ਹੀ ਸੁਰੂ ਹੋਣ ਜਾ ਰਿਹਾ ਹੈ, ਜਦੋਂਕਿ ਦੀਨਾਨਗਰ ਵਿੱਚ ਰੇਲਵੇ ਓਵਰਬ੍ਰਿਜ ਦਾ ਨਿਰਮਾਣ ਕਾਰਜ ਵੀ ਜਲਦ ਹੀ ਪੂਰਾ ਹੋਣ ਦੀ ਉਮੀਦ ਤੇ ਹੈ ਅੰਤ ਵਿਚ ਅਰੁਨਾ ਚੌਧਰੀ ਨੇ ਕਿਹਾ ਕਿ ਸਰਕਾਰ ਨੂੰ ਦੋਦਵਾਂ ਕਾਲਜ ਨੂੰ ਬੰਦ ਕਰਨ ਦਾ ਫੈਸਲਾ ਲੈਣਾ ਪਿਆ ਹੈ ਕਿਉਂਕਿ 22 ਅਧਿਆਪਕ ਹੋਣ ਦੇ ਬਾਵਜੂਦ ਵਿਦਿਆਰਥੀਆਂ ਦੀ ਗਿਣਤੀ ਘੱਟ ਸੀ , ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 19 ਨਵੇਂ ਆਈ.ਟੀ.ਆਈਜ ਨੂੰ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਵਿੱਚ ਦੋਦਵਾਂ ਟੈਕਨੀਕਲ ਕਾਲਜ ਦਾ ਨਾਮ ਵੀ ਆਈ.ਟੀ.ਆਈ. ਵਿੱਚ ਸਾਮਲ ਕੀਤਾ ਗਿਆ ਹੈ ਜਿਸ ਵਿਚ ਕਲਾਸਾਂ ਜਲਦ ਹੀ ਸੁਰੂ ਹੋ ਜਾਣਗੀਆਂ ਅਤੇ ਇਸ ਨਾਲ ਇਲਾਕੇ ਦੇ ਬੱਚਿਆਂ ਨੂੰ ਬਹੁਤ ਫਾਇਦਾ ਹੋਏਗਾ। ਅਰੁਨਾ ਚੌਧਰੀ ਨੇ ਦੱਸਿਆ ਕਿ ਨਾਨੋਨੰਗਲ ਅਤੇ ਭਗਵਾਨਪੁਰ ਵਿਖੇ ਦੋ ਨਵੇਂ ਪੁਲਾਂ ਦੀ ਉਸਾਰੀ ਕੀਤੀ ਜਾ ਰਹੀ ਹੈ।ਦੀਨਾਨਗਰ ਸਹਿਰ ਦੀ ਸੁੰਦਰਤਾ ਨੂੰ ਵਧਾਉਣ ਲਈ ਲੱਖਾਂ ਰੁਪਏ ਦੀ ਲਾਗਤ ਨਾਲ ਸੜਕ 'ਤੇ ਗ੍ਰਿਲ ਲਗਾਏ ਗਏ ਹਨ ਅਤੇ ਜੀ ਟੀ ਰੋਡ ' ਤੇ ਨਵੀਆਂ ਲਾਈਟਾਂ ਲਗਾ ਕੇ ਰੋਸਨੀ ਲਈ ਵਿਸੇਸ ਪ੍ਰਬੰਧ ਕੀਤੇ ਗਏ ਹਨ।



# ਸੀਨੀਆਰਤਾ ਸੂਚੀ ਵਿਚ ਵੱਡੀ ਪੱਧਰ ਤੇ ਤਰੁਟੀਆਂ ਤੋਂ ਖਫਾ ਨੇ ਜੰਗਲਾਤ ਵਿਭਾਗ ਦੇ ਕੱਚੇ ਕਾਮੇ ਵਿਭਾਗ ਵੱਲੋਂ ਜਾਰੀ ਸੂਚੀ ਦੀਆਂ ਕਾਪੀਆਂ ਸਾੜਕੇ ਜੰਗਲਾਤ ਅਫਸਰਾਂ ਖਿਲਾਫ ਗੁੱਸਾ ਕੱਢਿਆ

**ਗੁਰਦਾਸਪੁਰ/ਨਵਨੀਤ ਕੁਮਾਰ,ਜਤਿੰਦਰ ਕੁਮਾਰ**

ਪਿਛਲੇ 25 ਸਾਲਾਂ ਤੋਂ ਪੱਕਾ ਹੋਣ ਦੀ ਉਡੀਕ ਵਿਚ ਬੈਠੇ ਜੰਗਲਾਤ ਕਾਮਿਆਂ ਦੇ ਸੁਪਨੇ ਗੁਰਦਾਸਪੁਰ ਜੰਗਲਾਤ ਵਿਭਾਗ ਦੀ ਅਫਸਰਸਾਹੀ ਦੀ ਅਣਗਹਿਲੀ ਕਾਰਨ ਢਹਿ-ਢੇਰੀ ਹੋ ਗਏ ਹਨ।ਕਿਉਂ ਕਿ ਵਿਭਾਗ ਵੱਲੋਂ ਜਾਰੀ ਸੀਨੀਆਰਤਾ ਸੂਚੀ ਵਿਚ ਬਹੁਤ ਸਾਰੇ ਵਰਕਰਾਂ ਦੇ ਪਿਛਲੇ ਗੁੰਮ ਹੋਏ ਰਿਕਾਰਡ ਨੂੰ ਸਾਮਲ ਨਹੀਂ ਕੀਤਾ ਗਿਆ ਹੈ।ਇਸ ਲਈ ਲੰਮੇ ਸਮੇਂ ਤੋਂ ਆਪਣੇ ਵਿਭਾਗੀ ਘਪਲੇ ਤੇ ਮਿੱਟੀ ਪਾਉਣ ਲਈ ਵਰਕਰਾਂ ਦੇ ਖੁਰਦ ਬੁਰਦ ਕੀਤੇ ਰਿਕਾਰਡ ਨੂੰ ਸੀਨੀਆਰਤਾ ਸੂਚੀ ਵਿਚ ਸਾਮਿਲ ਕਰਵਾਉਣ ਲਈ ਡੈਮੋਕ੍ਰੇਟਿਕ ਜੰਗਲਾਤ ਮੁਲਾਜਮ ਯੂਨੀਅਨ ਵੱਲੋਂ ਹਰ ਪੱਧਰ ਤੇ ਸੰਘਰਸ ਕੀਤਾ ਗਿਆ ਹੈ। 31 ਮਾਰਚ 2021 ਤੱਕ ਵਿਭਾਗ ਵਿਚ ਕੰਮ ਕਰਦੇ 5000 ਦੇ ਲੱਗਭਗ ਵਰਕਰਾਂ ਦੀ ਸੀਨੀਆਰਤਾ ਸੂਚੀ ਵਿਚ ਅਲੀਵਾਲ, ਕਾਦੀਆਂ ਅਤੇ ਗੁਰਦਾਸਪੁਰ ਵਣ ਰੇਂਜ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਵੱਡੀ ਪੱਧਰ ਤੇ ਤਰੁਟੀਆਂ ਪਾਈਆਂ ਗਈਆਂ ਹਨ। ਡੈਮੋਕ੍ਰੇਟਿਕ ਜੰਗਲਾਤ ਮੁਲਾਜਮ ਯੂਨੀਅਨ ਗੁਰਦਾਸਪੁਰ ਦੇ ਜਲ੍ਹਿ ਪ੍ਰਧਾਨ ਨਿਰਮਲ ਸਿੰਘ ਸਰਵਾਲੀ ਅਤੇ ਦਵਿੰਦਰ ਸਿੰਘ ਭਰਥ ਮਠੋਲਾ ਦੀ ਅਗਵਾਈ ਹੇਠ ਤਰੁੱਟੀਆਂ ਪੂਰਨ ਸੀਨੀਆਰਤਾ ਸੂਚੀ ਦੀਆਂ ਕਾਪੀਆਂ ਸਾੜਕੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਖਿਲਾਫ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਅਲੀ ਵਾਲ ਰੇਂਜ ਦੇ ਆਗੂ ਕਸਮੀਰ ਸਿੰਘ ਮਾਨੇ ਪੁਰ ਨੇ ਦੱਸਿਆ ਕਿ ਉਸ ਦੀ 25 ਸਾਲ ਦੀ ਸੇਵਾ ਹੋਣ ਦੇ ਬਾਵਜੂਦ ਵੀ ਸਿਰਫ ਤਿੰਨ ਸਾਲ ਦਾ ਰਿਕਾਰਡ ਸਾਮਲ ਕੀਤਾ ਹੈ। ਜਦੋਂ ਕਿ ਇਸ ਸਬੰਧੀ ਵਿਭਾਗ ਦੇ ਅਧਿਕਾਰੀਆਂ ਨੂੰ ਕਈ ਵਾਰ ਰਿਕਾਰਡ ਦਿੱਤਾ ਗਿਆ ਸੀ। ਕਾਦੀਆਂ ਰੇਂਜ ਦੀ ਸੁਰਜੀਤ ਕੌਰ ਮਾਨਯੋਗ ਅਦਾਲਤ ਦੇ ਉਸਦਾ ਰਿਕਾਰਡ ਸਾਮਲ ਕਰਨ ਦੇ ਹੁਕਮ ਲੈਕੇ ਦਫਤਰ ਦੇ ਧੱਕੇ ਖਾ ਰਹੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਯੋਧਾ ਨਗਰੀ ਨੇ ਦੱਸਿਆ ਕਿ ਉਹ 3 ਅਗਸਤ ਨੂੰ ਚੰਡੀਗੜ੍ਹ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੁਰੇਸ ਕੁਮਾਰ ਨਾਲ ਹੋ ਰਹੀ ਮੀਟਿੰਗ ਵਿਚ ਗੁਰਦਾਸਪੁਰ ਦੇ ਅਫਸਰਾਂ ਵੱਲੋਂ ਕੀਤੀ ਕੁਤਾਹੀ ਦਾ ਮੁੱਦਾ ਜੰਗਲਾਤ ਸਕੱਤਰ ਦੀ ਹਾਜਰੀ ਵਿੱਚ ਉਠਾਉਣਗੇ। ਜਥੇਬੰਦੀ ਵੱਲੋਂ ਮੰਗਾਂ ਨਾ ਮੰਨਣ ਦੀ ਸੂਰਤ ਵਿਚ 15 ਅਗਸਤ ਤੋਂ ਬਾਅਦ ਵਣਮੰਡਲ ਅਫਸਰ ਗੁਰਦਾਸਪੁਰ ਦੇ ਦਫਤਰ ਅੱਗੇ ਧਰਨਾ ਲਾਉਣ ਦੀ ਚੇਤਾਵਨੀ ਦਿੱਤੀ ਹੈ। ਇਸ ਮੌਕੇ ਬਲਵੀਰ ਸਿੰਘ ਅਸਵਨੀ ਕੁਮਾਰ ਕਲਾਨੌਰ ਜਸਵੀਰ ਸਿੰਘ ਸੋਹਣ ਸਿੰਘ ਝਿਰਮਲ ਸਿੰਘ ਰਜਵੰਤ ਸਿੰਘ ਸੁਰਜੀਤ ਕੌਰ ਹਰਦੇਵ ਸਿੰਘ ਹਾਜਰ ਸਨ।

# 60 ਲੋੜਵੰਦ ਮਰੀਜਾਂ ਨੂੰ ਮੈਡੀਕਲ ਕੈਂਪ ਵਿਚ ਵੰਡੀਆਂ ਮੁਫ਼ਤ ਦਵਾਈਆਂ



**ਗੁਰਦਾਸਪੁਰ/ਨਵਨੀਤ ਕੁਮਾਰ, ਜਤਿੰਦਰ ਕੁਮਾਰ**

ਜਨਾਬ ਮੁਹੰਮਦ ਇਸ਼ਫਾਕ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਹੇਠ ਸਲੱਮ ਏਰੀਆਂ ਵਿਚ ਰਹਿ ਰਹੇ ਲੋਕਾਂ ਦੀ ਸਿਹਤ ਸੰਭਾਲ ਲਈ ਲਗਾਏ ਗਏ ਛੇਵੇਂ ਮੈਡੀਕਲ ਜਾਂਚ ਕੈਂਪ 60 ਮਰੀਜਾਂ ਦੀ ਜਾਂਚ ਕਰਕੇ ਉਨਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ।ਇਸ ਮੌਕੇ ਰਾਜੀਵ ਕੁਮਾਰ, ਸਕੱਤਰ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ, ਡਾ. ਐਸ.ਕੇ ਪੰਨੂੰ ਸਮਾਜ ਸੇਵੀ, ਡਾ ਦਲਬੀਰ ਸਿੰਘ ਸੈਣੀ ਅਤੇ ਡਾ. ਅਨੀਤਾ ਮੈਡੀਕਲ ਅਫਸਰ ਮੌਜੂਦ ਸਨ। ਇਸ ਮੌਕੇ ਗੱਲਬਾਤ ਕਰਦਿਆਂ ਰਾਜੀਵ ਕੁਮਾਰ, ਸੈਕਰਟਰੀ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਨੇ ਕਿਹਾ ਕਿ ਜ਼ਿਲਾ ਰੈੱਡ ਕਰਾਸ ਸੁਸਾਇਟੀ ਅਤੇ ਸਮਾਜ ਸੇਵੀਆਂ ਦੇ ਸਾਂਝੇ ਸਹਿਯੋਗ ਸਦਕਾ ਲੋੜਵੰਦ ਮਰੀਜ਼ਾਂ ਦੀ ਸਿਹਤ ਸੰਭਾਲ ਲਈ ਇਹ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿਚ ਮਰੀਜ਼ਾਂ ਦੀ ਸਿਹਤ ਦੀ ਜਾਂਚ ਕਰਕੇ ਉਪਰੰਤ ਮੁਫ਼ਤ ਦਵਾਈ ਵੰਡੀ ਗਈ। ਮੈਡੀਕਲ ਕੈਂਪ ਵਿਚ ਜੇਕਰ ਕਿਸੇ ਮਰੀਜ਼ ਦਾ ਟੈਸਟ ਆਦਿ ਦੀ ਲੋੜ ਪੈਂਦੀ ਤਾਂ ਸਿਵਲ ਹਸਪਤਾਲ ਵਿਚੋਂ ਕਰਵਾਇਆ ਜਾਂਦਾ ਹੈ ਅਤੇ ਜੇਕਰ ਕਿਸੇ ਪੀੜਤ ਨੂੰ ਸਰਕਾਰੀ ਹਸਪਤਾਲਾਂ ਵਿਚ ਟੈਸਟਾਂ ਤੋਂ ਇਲਾਵਾ ਹੋਰ ਕੋਈ ਦਵਾਈ ਜਾਂ ਟੈਸਟ ਦੀ ਲੋੜ ਹੁੰਦੀ ਹੈ ਤਾਂ ਜਿਲਾ ਰੈੱਡ ਕਰਾਸ ਸੁਸਾਇਟੀ ਵਲੋਂ ਉਸਦੀ ਮਦਦ ਕੀਤੀ ਜਾਵੇਗੀ।

ਇਸ ਮੌਕੇ ਮੁਫ਼ਤ ਮੈਡੀਕਲ ਕੈਂਪ ਵਿਚ ਦਵਾਈ ਲੈਣ ਆਏ ਮਰੀਜਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵਲੋਂ ਸ਼ੁਰੂ ਕੀਤਾ ਇਹ ਉਪਰਾਲਾ ਬਹੁਤ ਵਧੀਆਂ ਹੈ, ਇਸ ਨਾਲ ਲੋੜਵੰਦ ਲੋਕਾਂ ਨੂੰ ਬਹੁਤ ਸਹੂਲਤ ਮਿਲ ਰਹੀ ਹੈ।

ਦੱਸਣਯੋਗ ਹੈ ਕਿ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਬੀਤੀ 22 ਜੂਨ ਤੋਂ ਗੁਰਦਾਸਪੁਰ ਅਤੇ ਬਟਾਲਾ ਵਿਖੇ ਲੋੜਵੰਦ ਲੋਕਾਂ ਦੀ ਸਹੂਲਤ ਲਈ ਮੁਫ਼ਤ ਮੈਡੀਕਲ ਜਾਂਚ ਕੈਂਪ ਦੀ ਸ਼ੁਰੂਆਤ ਕੀਤੀ ਗਈ ਸੀ।

# ਗੁਰਦਾਸਪੁਰ ਦੇ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਐਤਵਾਰ ਪਹਿਲੀ ਅਗਸਤ ਨੂੰ ਗੁਰਦਾਸਪੁਰ ਅਤੇ ਬਟਾਲਾ ਤੋ ਦੁਬਾਰਾ ਚੱਲਣਗੀਆਂ ਵਿਸ਼ੇਸ ਬੱਸਾਂ : ਡਿਪਟੀ ਕਮਿਸ਼ਨਰ

**ਗੁਰਦਾਸਪੁਰ/ਨਵਨੀਤ ਕੁਮਾਰ,ਜਤਿੰਦਰ ਕੁਮਾਰ**



ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਗੁਰਦਾਸਪੁਰ ਜ਼ਿਲੇ ਨੂੰ ਟੂਰਿਸਟ ਹੱਬ ਬਣਾਉਣ ਦੇ ਮੰਤਵ ਨਾਲ ਗੁਰਦਾਸਪੁਰ ਦੇ ਇਤਿਹਾਸਕ ਤੇ ਧਾਰਮਿਨ ਸਥਾਨਾਂ ਦੇ ਦਰਸ਼ਨਾਂ ਲਈ ਵਿਸ਼ੇਸ ਬੱਸਾਂ ਚਲਾਈਆਂ ਗਈਆਂ ਸਨ ਪਰ ਕੋਵਿਡ-19 ਦੇ ਮੱਦੇਨਜ਼ਰ ਕੁਝ ਸਮੇਂ ਲਈ ਰੋਕ ਲਗਾ ਦਿੱਤੀ ਗਈ ਸੀ, ਪਰ ਹੁਣ ਦੁਬਾਰਾ ਜ਼ਿਲ੍ਹਾਵਾਸੀਆਂ ਦੀ ਸਹਲੂਤ ਲਈ ਪਹਿਲੀ ਅਗਸਤ ਦਿਨ ਐਤਵਾਰ ਤੋਂ ਗੁਰਦਾਸਪੁਰ ਅਤੇ ਬਟਾਲਾ ਤੋਂ ਵਿਸ਼ੇਸ ਬੱਸਾਂ ਚਲਾਈਆਂ ਜਾਣਗੀਆਂ। ਦੱਸਣਯੋਗ ਹੈ ਕਿ ਜ਼ਿਲਾ ਹੈਰੀਟੇਜ ਸੁਸਾਇਟੀ, ਗੁਰਦਾਸਪੁਰ ਵਲੋਂ 31 ਜਨਵਰੀ 2021 (ਐਤਵਾਰ) ਨੂੰ ਗੁਰਦਾਸਪੁਰ ਅਤੇ ਬਟਾਲਾ ਤੋਂ ਵਿਸ਼ੇਸ ਬੱਸਾਂ ਚਲਾਈਆਂ ਗਈਆਂ ਸਨ, ਜੋ ਯਾਤਰੀਆਂ ਨੂੰ ਮੁਫ਼ਤ ਵੱਖ-ਵੱਖ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਂਦੀਆਂ ਸਨ।

ਹੁਣ ਦੁਬਾਰਾ ਇਹ ਵਿਸ਼ੇਸ ਬੱਸਾਂ ਚਲਾਈਆਂ ਜਾ ਰਹੀਆਂ ਹਨ, ਜਿਸ ਦੇ ਚੱਲਦਿਆਂ ਪੰਚਾਇਤ ਭਵਨ ਗੁਰਦਾਸਪੁਰ ਅਤੇ ਸ਼ਿਵ ਬਟਾਲਵੀ ਆਡੋਟੋਰੀਅਮ ਬਟਾਲਾ ਤੋਂ ਪਹਿਲੀ ਅਗਸਤ ਨੂੰ ਸਵੇਰੇ 10 ਵਜੇ ਵਿਸ਼ੇਸ ਬੱਸਾਂ ਚਲਾਈਆਂ ਜਾਣਗੀਆਂ। ਪੰਚਾਇਤ ਭਵਨ ਤੋਂ ਚੱਲਣ ਵਾਲੀ ਵਿਸ਼ੇਸ ਬੱਸ ਸਭ ਤੋਂ ਪਹਿਲਾਂ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਅਤੇ ਛੋਟਾ ਘੱਲੂਘਾਰਾ ਗੁਰਦੁਆਰਾ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ, ਗੁਰਦਾਸ ਨੰਗਲ, ਸ਼ਿਵ ਮੰਦਿਰ ਕਲਾਨੌਰ, ਕਰਤਾਰਪੁਰ ਕੋਰੀਡੋਰ (ਦਰਸ਼ਨ ਸਥਲ), ਗੁਰਦੁਆਰਾ ਚੋਹਲਾ ਸਾਹਿਬ ਤੇ ਗੁਰਦੁਆਰਾ ਦਰਬਾਰ ਸਾਹਿਬ, ਜੌੜਾ ਛੱਤਰਾਂ, ਬਾਵਾ ਲਾਲ ਜੀ ਦਾ ਮੰਦਰ ਧਿਆਨਪੁਰ ਅਤੇ ਉਥੋਂ ਵਾਪਸ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਪੁਹੰਚੇਗੀ।ਇਸੇ ਤਰਾਂ ਸ਼ਿਵ ਬਟਾਲਵੀ ਆਡੋਟੋਰੀਅਮ ਬਟਾਲਾ ਤੋਂ ਬੱਸ ਜੋ ਅੱਚਲ ਸਾਹਿਬ, ਘੁਮਾਣ, ਕਿਸ਼ਨਕੋਟ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਤੇ ਗੁਰੂ ਕੀ ਮਸੀਤ ਸ੍ਰੀ ਹਰਗੋਬਿੰਦਪੁਰ, ਛੋਟਾ ਘੱਲੂਘਾਰਾ ਸਾਹਿਬ, ਗੁਰਦਾਸ ਨੰਗਲ ਗੜ੍ਹੀ ਤੋਂ ਹੁੰਦੀ ਹੋਈ ਵਾਪਸ ਸ਼ਿਵ ਬਟਾਲਵੀ ਆਡੋਟੋਰੀਅਮ ਬਟਾਲਾ ਵਿਖੇ ਪੁਹੰਚੇਗੀ।

ਵਿਸ਼ੇਸ ਬੱਸ ਵਿਚ ਯਾਤਰਾ ਕਰਨ ਦੇ ਇਛੁੱਕ ਹਰਜਿੰਦਰ ਸਿੰਘ ਕਲਸੀ, ਜ਼ਿਲਾ ਲੋਕ ਸੰਪਰਕ ਦਫਤਰ, ਗੁਰਦਾਸਪੁਰ ਦੇ ਮੋਬਾਇਲ 97800-13977 (ਗੁਰਦਾਸਪੁਰ ਤੋਂ ਚੱਲਣ ਵਾਲੀ ਬੱਸ ਸਬੰਧੀ), ਇੰਦਰਜੀਤ ਸਿੰਘ ਹਰੁਪਰਾ ਐਡੀਸ਼ਨਲ ਜ਼ਿਲ੍ਹਾ ਲੋਕ ਸੰਪਰਕ ਅਫਸਰ ਬਟਾਲਾ ਦੇ ਮੋਬਾਇਲ ਨੰਬਰ 98155-77574 (ਬਟਾਲਾ ਤੋਂ ਚੱਲਣ ਵਾਲੀ ਬੱਸ ਸਬੰਧੀ), ਹਰਮਨਪ੍ਰੀਤ ਸਿੰਘ ਜੁਆਇੰਟ ਸਕੱਤਰ, ਹੈਰੀਟੇਜ ਸੁਸਾਇਟੀ ਗੁਰਦਾਸਪੁਰ ਦੇ ਮੋਬਾਇਲ ਨੰਬਰ 98552-84240 ਅਦੇ ਦਮਨਜੀਤ ਸਿੰਘ ਗਾਈਡ ਛੋਟਾ ਘੱਲੂਘਾਰਾ ਮੈਮੋਰੀਅਲ, ਕਾਹਨੂੰਵਾਨ ਦੇ ਮੋਬਾਇਲ ਨੰਬਰ 98552-93452 ਤੇ ਵੀ ਸੰਪਰਕ ਕਰ ਸਕਦੇ ਹਨ।

# ਕਿਸਾਨ ਅੰਦੋਲਨ ਵਿੱਚ ਪਹੁੰਚਣ ਲਈ ਨੌਜਵਾਨਾਂ ਕੀਤੀ ਅਪੀਲ

**ਗੁਰਦਾਸਪੁਰ/ਨਵਨੀਤ ਕੁਮਾਰ,ਮੰਗੋਤਰਾ ਸਾਬ**



ਮੋਦੀ ਸਰਕਾਰ ਵੱਲੋਂ ਕਿਸਾਨ ਵਿਰੋਧੀ ਪਾਸ ਕੀਤੇ ਚਾਰ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਂਣ ਲਈ ਕਿਸਾਨ ਸੰਯੁਕਤ ਮੋਰਚੇ ਵੱਲੋਂ ਦਿੱਲੀ ਵਿੱਚ ਪੱਕਾ ਧਰਨਾ ਲਗਾਇਆ ਹੋਇਆ ਹੈ । ਜਿਸ ਦੇ ਸਮਰਥਨ ਲਈ ਅੱਜ ਇਤਿਹਾਸਿਕ ਗੁਰਦੁਆਰਾ ਬਾਬਾ ਸ੍ਰੀ ਚੰਦ ਟਾਹਲੀ ਸਾਹਿਬ ਗਾਹਲੜੀ ਵਿੱਖੇ ਸਾਡਾ ਪੰਜ ਆਬ ਫੈਡਰੇਸ਼ਨ ਦੇ ਨੌਜਵਾਨ ਲਵਪ੍ਰੀਤ ਸਿੰਘ ਮੰਨਾ ਦੀ ਅਗਵਾਈ ਵਿੱਚ ਦਰਜਨਾਂ ਨੌਜਵਾਨਾਂ ਵੱਲੋਂ ਹੱਥਾਂ ਵਿੱਚ ਤਖਤੀਆਂ ਫੜ ਕੇ ਲੋਕਾਂ ਨੂੰ ਦਿੱਲੀ ਕਿਸਾਨ ਅੰਦੋਲਨ ਵਿੱਚ ਪਹੁੰਚਣ ਲਈ ਪ੍ਰੇਰਿਤ ਕੀਤਾ ਗਿਆ ।ਇਸ ਸਮੇਂ ਲਵਪ੍ਰੀਤ ਸਿੰਘ ਮੰਨਾ ਵੱਲੋਂ ਦੱਸਿਆ ਕਿ ਦਰਜਨਾਂ ਨੌਜਵਾਨਾਂ ਦੇ ਸਹਿਯੋਗ ਅਸੀ ਦਿੱਲੀ ਅੰਦੋਲਨ ਵਿੱਚ ਪਹੁੰਚੇ ਸੀ ,ਜਿਥੇ ਕਿਸਾਨ ਅੰਦੋਲਨ ਵਿੱਚ ਸਿਰਕਤ ਕਰਨ ਤੋਂ ਬਾਅਦ ਅਸੀ ਆਪਣੇ ਇਲਾਕੇ ਦੇ ਵੱਖ ਵੱਖ ਸਥਾਨਾਂ ਤੇ ਲੋਕਾਂ ਨੂੰ ਦਿੱਲੀ ਪਹੁੰਚਣ ਲਈ ਪ੍ਰੇਰਿਤ ਰਹੇ ਹਾਂ ।ਜਿਸ ਦੇ ਨਤੀਜੇ ਵਜੋਂ ਇਲਾਕੇ ਦੇ ਕਿਸਾਨ ਭਰਾਂ ਆਪਣੀਆਂ ਟਰੈਕਟ ਟਰਾਲੀਆਂ ਲੈ ਕੇ ਕਿਸਾਨ ਅੰਦੋਲਨ ਵਿੱਚ ਪਹੁੰਚ ਵੀ ਰਹੇ ਹਨ । ਉਹਨਾ ਸਮੂਹ ਇਲਾਕੇ ਦੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਕਿਸਾਨ ਅੰਦੋਲਨ ਵਿੱਚ ਪਹੁੰਚ ਕੇ ਕਿਸਾਨ ਭਰਾਵਾਂ ਦਾ ਸਹਿਯੋਗ ਕਰਨ ,ਤਾਂ ਜੋ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਕਾਲੇ ਕਾਨੂੰਨ ਰੱਦ ਕੀਤੇ ਜਾ ਸਕਣ ।ਇਸ ਸਮੇਂ ਸੂਬਾ ਪ੍ਰਧਾਨ ਇੰਦਰਪਾਲ ਸਿੰਘ ਬੈਂਸ,ਬਲਰਾਜ ਸਿੰਘ,ਕੁਲਦੀਪ ਸਿੰਘ,ਰਮਨਦੀਪ ਸਿੰਘ,ਜਸਨਪ੍ਰੀਤ ਸਿੰਘ ਆਦਿ ਨੌਜਵਾਨ ਹਾਜ਼ਰ ਸਨ।

# ਜ਼ਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ ਵੱਲੋਂ ਪਾਬੰਦੀਆਂ ਦੇ ਹੁਕਮ ਜਾਰੀ



**ਗੁਰਦਾਸਪੁਰ/ਨਵਨੀਤ ਕੁਮਾਰ,ਜਤਿੰਦਰ ਕੁਮਾਰ :** ਜ਼ਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਵੱਲੋ ਇੱਕ ਤਰਫਾ ਆਦੇਸ਼ ਜਾਰੀ ਕਰਦੇ ਹੋਏ ਗੁਰਦਾਸਪੁਰ ਦੇ ਬੀ.ਐਸ.ਐਨ.ਐਲ ਚੌਕ ਤੋਂ ਸ੍ਰੀ ਗੁਰੂ ਰਵਿਦਾਸ ਚੌਕ ਤੱਕ ਵਾਇਆ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਰੀਜਨਲ ਰਿਸਰਚ ਸੈਂਟਰ ਗੁਰਦਾਸਪੁਰ) ਨੂੰ ਨੋ ਵਹੀਕਲ ਜ਼ੋਨ ਘੋਸ਼ਿਤ ਕੀਤਾ ਗਿਆ ਹੈ। ਹੁਣ ਇਸ ਸੜਕ ਤੇ ਸਵੇਰੇ 4 ਵਜੇ ਤੋਂ 7 ਵਜੇ ਤੱਕ ਅਤੇ ਸ਼ਾਮ 6 ਵਜੇ ਤੋਂ ਸ਼ਾਮ 7:30 ਵਜੇ ਤਕ ਕੋਈ ਵਾਹਨ ਨਹੀਂ ਚੱਲ ਸਕੇਗਾ। ਆਦੇਸ਼ ਵਿਚ ਦੱਸਿਆ ਗਿਆ ਹੈ ਕਿ ਸੀਨੀਅਰ ਪੁਲੀਸ ਕਪਤਾਨ ਗੁਰਦਾਸਪੁਰ ਵੱਲੋਂ ਪੱਤਰ ਲਿਖ ਕੇ ਦੱਸਿਆ ਗਿਆ ਕਿ ਇਸ ਸੜਕ ਨੂੰ ਲੋਕ ਸਵੇਰੇ ਅਤੇ ਸ਼ਾਮ ਨੂੰ ਸੈਰ ਜਾਂ ਦੌੜਨ ਦੇ ਲਈ ਇਸਤੇਮਾਲ ਕਰਦੇ ਹਨ। ਇਸ ਸੜਕ ਤੇ ਸਵੇਰੇ ਅਤੇ ਸ਼ਾਮ ਨੂੰ ਗੱਡੀਆਂ ਦੀ ਆਵਾਜਾਈ ਰਹਿੰਦੀ ਹੈ। ਜਿਸ ਦੇ ਚਲਦੇ ਆਮ ਪਬਲਿਕ ਨੂੰ ਸੈਰ ਅਤੇ ਦੌੜ ਲਾਉਣ ਵਿਚ ਪ੍ਰੇਸ਼ਾਨੀ ਹੁੰਦੀ ਹੈ।ਅਤੇ ਦੁਰਘਟਨਾ ਦਾ ਖਤਰਾ ਬਣਿਆ ਰਹਿੰਦਾ ਹੈ। ਜਿਸ ਦੇ ਚਲਦੇ ਉਕਤ ਆਦੇਸ਼ ਜਾਰੀ ਕੀਤੇ ਗਏ ਹਨ। ਜ਼ਿਲਾ ਮੈਜਿਸਟ੍ਰੇਟ ਵੱਲੋਂ ਦੱਸਿਆ ਗਿਆ ਹੈ ਕਿ ਇਸ ਦੌਰਾਨ ਕੇਵਲ ਸੈਰ, ਦੌੜ, ਬਾਈਸਾਈਕਲ, ਅਤੇ ਅਮਰਜੈਂਸੀ ਵਾਹਨ ਹੀ ਇਸ ਸੜਕ ਦਾ ਉਪਯੋਗ ਕਰ ਸਕਦੇ ਹਨ। ਇਹ ਆਦੇਸ਼ 27 ਜੁਲਾਈ 2021 ਤੋਂ 26 ਸਤੰਬਰ 2021 ਤੱਕ ਲਾਗੂ ਰਹਿਣਗੇ।

# ਦਾਣਾ ਮੰਡੀ ਅਮਰਕੋਟ ਵਿਖੇ ਕੀਤੀ ਰੋਸ ਰੈਲੀ ਅਤੇ ਹਲਕਾ ਵਿਧਾਇਕ ਖੇਮਕਰਨ ਨੂੰ ਮੰਗ ਪੱਤਰ ਦਿੱਤਾ




**ਅਲਗੋਂ ਕੋਠੀ/ਹਰਦਿਆਲ ਸਿੰਘ ਮੱਲ੍ਹੀ**

ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਾਣਾ ਮੰਡੀ ਅਮਰਕੋਟ ਵਿਖੇ ਰੋਸ ਰੈਲੀ ਕੀਤੀ ਗਈ ਅਤੇ ਹਲਕਾ ਵਿਧਾਇਕ ਖੇਮਕਰਨ ਨੂੰ ਮੰਗ ਪੱਤਰ ਦਿੱਤਾ ਗਿਆ ਰੈਲੀ ਦੀ ਅਗਵਾਈ ਦਿਹਾਤੀ ਮਜਦੂਰ ਸਭਾ ਦੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ ਪੰਜਾਬ ਖੇਤ ਮਜਦੂਰ ਸਭਾ ਦੇ ਜਲ੍ਹਿਾ ਸਕੱਤਰ ਸੁਖਦੇਵ ਸਿੰਘ ਕੋਟ ਧਰਮ ਚੰਦ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਰਾਜਵਿੰਦਰ ਸਿੰਘ ਜੋਦਸਿੰਘ ਵਾਲਾ ਨੇ ਕੀਤਾ ਇਸ ਇਕਠੇ ਹੋਏ ਖੇਤ ਮਜਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜਦੂਰ ਸਭਾ ਦੇ ਜਲ੍ਹਿਾ ਜਨਰਲ ਸਕੱਤਰ ਚਮਨ ਲਾਲ ਦਰਾਜਕੇ ਪੰਜਾਬ ਖੇਤ ਮਜਦੂਰ ਸਭਾ ਦੀ ਸੂਬਾ ਸਕੱਤਰ ਕਾਮਰੇਡ ਦੇਵੀ ਕੁਮਾਰੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੁਖਵੰਤ ਸਿੰਘ ਵਲਟੋਹਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮੜੇ ਲੋਕ ਵਰਧੀ ਖੇਤੀ ਕਨੂੰਨ ਤੇ ਬਿਜਲੀ ਸੋਧ ਬਿੱਲ ਰੱਦ ਕੀਤੇ ਜਾਣ ਐਫ ਸੀ ਆਈ ਤੇ ਜਨਤਕ ਵੰਡ ਪ੍ਰਣਾਲੀ ਦਾ ਭੋਗ ਪਾਉਣ ਦੇ ਮਨਸੇ ਤਿਆਗ ਕੇ ਸਰਵਜਨਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਕੇ ਪੇਂਡੂ ਤੇ ਖੇਤ ਮਜਦੂਰਾਂ ਸਮੇਤ ਸਹਿਰੀ ਗਰੀਬਾਂ ਤੇ ਸਭਨਾਂ ਤੇ ਲੋੜ ਵੰਦਾ ਲਈ ਸਸਤੇ ਰਾਸਨ ਤੇ ਰਸੋਈ ਵਰਤੋਂ ਦੀਆਂ ਸਰਿਆਂ ਵਸਤਾਂ ਸਸਤੇ ਭਾਅ ਤੇ ਦਿੱਤੀਆਂ ਜਾਣ ਕਿਰਤ ਕਨੂੰਨਾਂ ਵਿਚ ਕੀਤੀਆਂ ਸੋਧਾਂ ਰੱਦ ਕੀਤੀਆਂ ਜਾਣ ਮਜਦੂਰਾਂ ਤੇ ਗਰੀਬ ਕਿਸਾਨਾਂ ਸਿਰ ਚੜ੍ਹੇ ਸਰਕਾਰੀ ਤੇ ਗੈਰ ਸਰਕਾਰੀ ਕਰਜੇ ਮੁਆਫ ਕੀਤੇ ਜਾਣ ਗਰੀਬ ਲੋਕਾਂ ਨੂੰ ਪੰਚਾਇਤੀ ਜਮੀਨਾਂ ਵਿੱਚੋ 10 10 ਮਰਲੇ ਦੇ ਪਲਾਟ ਦਿੱਤੇ ਜਾਣ ਬੁਢਾਪਾ ਵਿਧਵਾ ਅੰਗਹੀਣ ਪੈਨਸਨ ਪ੍ਰਤੀ ਮਹੀਨਾ ਪੰਜ ਹਜਾਰ ਕੀਤੀ ਜਾਵੇ ਅਤੇ ਘਰ ਬਣਾਉਣ ਲਈ ਪੰਜ ਲੱਖ ਦੀ ਗ੍ਰਾਂਟ ਦਿੱਤੀ ਜਾਵੇ ਜੇਕਰ ਸਾਡੀਆਂ ਇਨ੍ਹਾ ਹੱਕੀ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਪੇਂਡੂ ਤੇ ਖੇਤ ਮਜਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 9 ਤੋਂ 11 ਅਗੱਸਤ ਤੱਕ ਮੁੱਖ ਮੰਤਰੀ ਦੇ ਸਹਿਰ ਪਟਿਆਲਾ ਵਿਖੇ 3 ਰੋਜਾ ਵਿਸਾਲ ਧਰਨਾ ਦਿੱਤਾ ਜਾਵੇਗਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਦਿਹਾਤੀ ਮਜਦੂਰ ਸਭਾ ਦੇ ਸੀਨੀਅਰ ਆਗੂ ਜਸਵੰਤ ਸਿੰਘ ਭਿੱਖੀਵਿੰਡ ਸੰਤੋਖ ਸਿੰਘ ਮੱਖੀ ਕਲਾ ਗੁਰਬੀਰ ਭੱਟੀ ਰਾਜੋਕੇ ਸਵਿੰਦਰ ਸਿੰਘ ਚੱਕ ਪੰਜਾਬ ਖੇਤ ਮਜਦੂਰ ਸਭਾ ਦੇ ਜਲ੍ਹਿਾ ਪ੍ਰਧਾਨ ਕਾਮਰੇਡ ਜੁਗਿੰਦਰ ਸਿੰਘ ਵਲਟੋਹਾ ਕਾਮਰੇਡ ਰਸਪਾਲ ਘੁਰਕਵੰਡ ਲਾਲ ਸਿੰਘ ਵਲਟੋਹਾ ਸਰਬ ਭਾਰਤ ਨੌਜਵਾਨ ਸਭਾ ਦੇ ਜਲ੍ਹਿਾ ਪ੍ਰਧਾਨ ਵਿਸਾਲ ਦੀਪ ਸਿੰਘ ਵਲਟੋਹਾ ਹਰਜੀਤ ਸਿੰਘ ਬੈਂਕਾਂ ਹਰਪਿੰਦਰ ਸਿੰਘ ਸਿੰਘਪੁਰਾ ਰਾਹੁਲ ਦਰਾਜਕੇ ਗੱਜਣ ਨਾਰਲਾ ਦਲਵਿੰਦਰ ਚੀਮਾ ਰਸਾਲ ਸਿੰਘ ਬੈਂਕਾਂ ਸਾਬਕਾ ਸਰਪੰਚ ਮਾਹਣ ਸਿੰਘ ਭਿੱਖੀਵਿੰਡ ਲਾਜਰ ਲਾਖਣਾ ਹਾਜਰ ਸਨ ਅਖੀਰ ਵਿੱਚ ਖੇਤ ਮਜਦੂਰਾਂ ਨੇ ਅਮਰਕੋਟ ਦੇ ਬਜਾਰਾਂ ਵਿੱਚ ਰੋਸ ਮਾਰਚ ਕਰਕੇ ਹਲਕਾ ਵਿਧਾਇਕ ਖੇਮਕਰਨ ਦੇ ਘਰ ਪਹੁੰਚ ਕੇ ਮੰਗ ਪੱਤਰ ਦਿੱਤਾ ਗਿਆ।

## ਕਿਸਾਨ



ਦੇਸ ਮੇਰੇ ਤੇ ਕਬਜਾ ਕਰਕੇ , ਬਹਿ ਗਏ ਬੇਈਮਾਨ
ਹੱਕਾਂ ਦੇ ਲਈ ਸੜਕਾਂ ਉਤੇ, ਰੁੱਲ ਰਿਹਾ ਅੱਜ ਕਿਸਾਨ
ਹੱਸਦੀ ਖੇਡਦੀ ਜੰਦਿਗੀ ਦੇ ਵਿੱਚ, ਨਜਰ ਗਈ ਜਿਵੇਂ ਲੱਗ
ਸੀਨੇ ਦੇ ਵਿੱਚ ਆ ਕੇ ਵੱਜੀ, ਤਿੰਨ ਬਿਲਾਂ ਦੀ ਏ ਅੱਗ
ਖੇਤੀ ਮਾਂ ਦੀ ਇੱਜਤ ਨੂੰ ਹੱਥ, ਪਾਉਂਣ ਲੱਗੇ ਸੈਤਾਨ
ਹੱਕਾਂ ਦੇ ਲਈ ਸੜਕਾਂ ਉਤੇ, ਰੁੱਲ ਰਿਹਾ ਅੱਜ ਕਿਸਾਨ
ਬੀਤ ਗਏ ਰੱਬਾ ਕਈ ਮਹੀਨੇ, ਨਾ ਮਸਲਾ ਹੋਇਆ ਹੱਲ
ਪੰਪਾ, ਟੇਸਨਾਂ,ਮੌਲ ਬਾਰਡਰਾਂ ਤੇ, ਉਵੇਂ ਧਰਨੇ ਰਹੇ ਨੇ ਚੱਲ
ਬੀਬੀਆਂ ਭੈਣਾਂ ਭਾਈ ਬੈਠੇ ਨੇ, ਖੁੱਲ੍ਹੇ ਵਿੱਚ ਅਸਮਾਂਨ
ਹੱਕਾਂ ਦੇ ਲਈ ਸੜਕਾਂ ਉਤੇ, ਰੁੱਲ ਰਿਹਾ ਅੱਜ ਕਿਸਾਨ
ਸੋਨੇ ਦੀ ਚਿੜੀ ਭਾਰਤ ਸੀ ਜੋ, ਮਿੱਟੀ ਦੀ ਬਣ ਰਹਿ ਗਈ
ਭ੍ਰਿਸਟਾਚਾਰ ਦੀ ਗੱਡੀ ਲੋਕੋਂ, ਲੁੱਟ ਪੁੱਟ ਸਭ ਕੁੱਝ ਲੈ ਗਈ
ਦੇਸ ਦਾ ਰਾਜਾਂ ਦੋਨੋਂ ਹੱਥੀ, ਲੱਗਿਆਂ ਸਭ ਨੂੰ ਖਾਣ
ਹੱਕਾਂ ਦੇ ਲਈ ਸੜਕਾਂ ਉਤੇ, ਰੁੱਲ ਰਿਹਾ ਅੱਜ ਕਿਸਾਨ
ਇੱਕ ਨਾ ਇੱਕ ਦਿਨ ਜਿੰਦਗੀ ਦੇ ਵਿੱਚ,ਆਊ ਜੱਟਾ ਬਹਾਰ
ਏਕਤਾ ਮੂਹਰੇ ਸਹਿਣੇ ਵਾਲਿਆ,ਮੰਨ ਜਾ ਨੀ ਸਰਕਾਰ
ਸੱਚ ਦਾ ਸਾਥੀ ਸਦਾ ਸਦਾ ਲਈ, ਮੱਖਣਾਂ ਹੁੰਦਾ ਭਗਵਾਨ
ਹੱਕਾਂ ਦੇ ਲਈ ਸੜਕਾਂ ਉਤੇ, ਰੁੱਲ ਰਿਹਾ ਅੱਜ ਕਿਸਾਨ

**ਲੇਖਕ-ਮੱਖਣ ਮਿੱਤਲ ਸਹਿਣੇ ਵਾਲਾ**
**ਮੋਬਾਇਲ ਨੰਬਰ=9872765310**

## ਹਿਊਮਨ ਰਾਈਟਸ ਦੀ ਟੀਮ ਵੱਲੋਂ ਖ਼ੂਨਦਾਨ ਕੈਂਪ ਲਗਾਇਆ ਸਰਟੀਫਿਕੇਟ ਵੰਡਦੇ ਹੋਏ ਜਥੇਦਾਰ ਮੀਰਾਂਕੋਟ ਪਲਵਿੰਦਰ ਬਾਜਵਾ ਸੋਨੂੰ



**ਅੰਮ੍ਰਿਤਸਰ/ਪਰਗਟ ਸਿੰਘ ਭੰਗੂ**

ਅੱਜ ਹਿਊਮਨ ਰਾਈਟਸ ਦੀ ਟੀਮ ਵੱਲੋਂ ਅੰਮ੍ਰਿਤਸਰ ਵਿਚ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਹਿਊਮਨ ਰਾਈਟਸ ਸਰਪਰਸਤ ਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਤੇ ਸਾਬਕਾ ਚੇਅਰਮੈਨ ਪਨਸਪ ਪੰਜਾਬ ਸ ਅਜੇਪਾਲ ਸਿੰਘ ਮੀਰਾਂਕੋਟ ਤੇ ਹਿਊਮਨ ਰਾਈਟਸ ਦੇ ਚੇਅਰਮੈਨ ਸ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਤੇ ਉਪ ਚੇਅਰਮੈਨ ਬਲਵਿੰਦਰ ਸਿੰਘ ਬਾਜਵਾ ਤੇ ਹਿਊਮਨ ਰਾਈਟਸ ਦੀ ਸਮੁੱਚੀ ਟੀਮ ਵਿਸ਼ੇਸ਼ ਤੌਰ ਤੇ ਪਹੁੰਚੇ ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਹਿਊਮਨ ਰਾਈਟਸ ਕਮੇਟੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਅੰਮ੍ਰਿਤਸਰ ਦੇ ਵੱਖ ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਇਸ ਮੌਕੇ ਤੇ ਖ਼ੂਨ ਦਾਨ ਕਰਨ ਵਾਲੇ ਨੌਜੁਆਨਾਂ ਨੂੰ ਸਰਟੀਫਿਕੇਟ ਵੰਡਦੇ ਹੋਏ ਹਿਊਮਨ ਰਾਈਟਸ ਦੇ ਸਰਪ੍ਰਸਤ ਤੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਅਜੈਪਾਲ ਸਿੰਘ ਮੀਰਾਂਕੋਟ ਚੇਅਰਮੈਨ ਹਿਊਮਨ ਰਾਈਟਸ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਉਪ ਚੇਅਰਮੈਨ ਪਰਮਿੰਦਰ ਸਿੰਘ ਬਾਜਵਾ ਪਰਗਟ ਸਿੰਘ ਪ੍ਰਿਤਪਾਲ ਸਿੰਘ ਰਣਜੀਤ ਸਿੰਘ ਦਲਜੀਤ ਸਿੰਘ ਬਲਜੀਤ ਸਿੰਘ ਪਰ ਸ਼ਰਮਾ ਪੁਨੀਤ ਸ਼ਰਮਾ ਸੰਦੀਪ ਸਿੰਘ ਰਣਜੀਤ ਗਿੱਲ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਨੂੰ ਅੱਜ ਫ਼ੈਸਲੇ ਲੈਣ ਵਿਚ ਦਲੇਰ, ਦ੍ਰਿੜ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਲੀਡਰਸ਼ਿਪ ਦੀ ਲੋੜ ਹੈ ਜੋ ਹਰ ਪੰਜਾਬੀ ਦੀਆਂ ਜਾਇਜ਼ ਮੰਗਾਂ ਪੂਰੀਆਂ ਕਰਨ ਲਈ ਵਚਨਬੱਧ ਹੋਵੇ : ਸਿੱਧੂ

**ਚੰਡੀਗੜ੍ਹ/ਕਰਨ ਅਗਰਵਾਲ**

ਪੰਜਾਬ ਨੂੰ ਇਸ ਵੇਲੇ ਅਜਿਹੀ ਲੀਡਰਸ਼ਿਪ ਦੀ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ।ਹਰ ਪੰਜਾਬੀ ਨੂੰ ਇਨਸਾਫ਼ ਦੇਣ ਦੇ ਨਕਸ਼ੇ ਅਰਥਾਤ ਹਾਈਕਮਾਨ ਦੇ ਦਿੱਤੇ 18 ਸੂਤਰੀ ਏਜੰਡੇ ਨਾਲ ਪੰਜਾਬ ਕਾਂਗਰਸ ਦੇ ਵਰਕਰ ਇਕਮਤ ਡਟਕੇ ਖੜ੍ਹੇ ਹਨ।

ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਪੰਜਾਬ ਭਰ ਦੇ ਕਾਂਗਰਸ ਪਾਰਟੀ ਵਰਕਰਾਂ ਨਾਲ ਬਾਰੰਬਾਰ ਵਿਚਾਰ-ਵਟਾਂਦਰਾ ਅਤੇ ਸਲਾਹ-ਮਸ਼ਵਰਾ ਕਰਕੇ ਅਸੀਂ ਤੁਹਾਨੂੰ ਏਜੰਡੇ ਦੇ 18 ਨੁਕਤਿਆਂ ਵਿੱਚੋਂ ਉਹ ਪੰਜ ਨੁਕਤੇ ਲਿਖਕੇ ਦੇ ਰਹੇ ਹਾਂ ਜਿਨ੍ਹਾਂ ਉੱਪਰ ਸਰਕਾਰ ਨੂੰ ਤੁਰੰਤ ਪਹਿਲ ਦੇ ਆਧਾਰ 'ਤੇ ਕਾਰਵਾਈ ਕਰਨੀ ਚਾਹੀਦੀ ਹੈ

1. ਪੰਜਾਬ ਦੇ ਲੋਕ ਪੰਜਾਬ ਦੀ ਰੂਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਅਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਹੋਈ ਪੁਲਿਸ ਗੋਲੀਬਾਰੀ ਪਿਛਲੇ ਮੁੱਖ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾ ਦੇ ਰੂਪ ਵਿਚ ਇਨਸਾਫ਼ ਮੰਗ ਰਹੇ ਹਨ।

2. ਸਪੈਸ਼ਲ ਟਾਸਕ ਫੋਰਸ () ਦੀ ਰਿਪੋਰਟ ਵਿਚ ਦਰਜ ਨਸ਼ਾ ਤਸਕਰੀ ਪਿਛਲੇ ਵੱਡੇ ਮਗਰਮੱਛਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਮਿਸਾਲੀ ਸਜ਼ਾ ਦਿੱਤੀ ਜਾਵੇ।

3. ਖੇਤੀ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ ਅਤੇ ਅਸੀਂ ਸਭ ਕੇਂਦਰ ਦੇ ਤਿੰਨ ਕਾਲੇ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਾਂ, ਇਸ ਲਈ ਪੰਜਾਬ ਸਰਕਾਰ ਤਿੰਨ ਕਾਲੇ ਕਾਨੂੰਨਾਂ ਦੀਆਂ ਕੁੱਝ ਧਾਰਾਵਾਂ ਵਿਚ ਸਿਰਫ਼ ਸੋਧਾਂ ਦੀ ਹੀ ਸਿਫ਼ਾਰਸ ਨਾ ਕਰੇ, ਬਲਕਿ ਇਹ ਐਲਾਨਦਿਆਂ ਕਿ ਇਹ ਕਿਸੇ ਵੀ ਕੀਮਤ ਉੱਪਰ ਪੰਜਾਬ ਵਿਚ ਲਾਗੂ



ਨਹੀਂ ਹੋਣਗੇ, ਉਹ ਕਾਲੇ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਨਕਾਰੇ। ਜਿਵੇਂ ਅਸੀਂ ਸਤਲੁਜ-ਯਮੁਨਾ ਲਿੰਕ () ਦੇ ਕੇਸ ਵਿਚ ਕੀਤਾ ਸੀ, ਵਿਧਾਨ ਸਭਾ ਵੱਲੋਂ ਇਸ ਤਰ੍ਹਾਂ ਦੇ ਹੀ ਦਲੇਗੀ ਵਾਲੇ ਹੱਲ ਦੀ ਅੱਜ ਬੇਹੱਦ ਲੋੜ ਹੈ ਅਤੇ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਸ ਲਈ ਵਿਧਾਇਕ ਤਿਆਰ ਹਨ।

4. 2017 ਦੀਆਂ ਚੋਣਾਂ ਮੌਕੇ ਨੁਕਸਦਾਰ ਬਿਜਲੀ ਖਰੀਦ ਸਮਝੌਤਿਆਂ () ਨੂੰ ਰੱਦ ਕਰਨ ਦੇ ਤੁਹਾਡੇ ਕੀਤੇ ਵਾਅਦਿਆਂ ਨੂੰ ਵੀ ਸਾਡੀ ਸਰਕਾਰ ਨੂੰ ਤੁਰੰਤ ਪੂਰਾ ਕਰਨਾ ਚਾਹੀਦਾ ਹੈ ਤਾਂ ਕਿ ਪੰਜਾਬ ਦੇ ਖਜ਼ਾਨੇ ਨੂੰ ਹੋਰ ਖੋਰਾ ਨਾ ਲੱਗੇ।

5. ਅੱਜ, 20 ਤੋਂ ਵੱਧ ਜੱਥੇਬੰਦੀਆਂ (ਅਧਿਆਪਕ, ਡਾਕਟਰ, ਨਰਸਾਂ, ਲਾਇਨਮੈਨ, ਸਫ਼ਾਈ ਕਰਮਚਾਰੀ ਆਦਿ) ਰਾਜ ਭਰ ਵਿਚ ਧਰਨੇ ਦੇ ਰਹੇ ਹਨ। ਇਸ ਲਈ ਸਭ ਦੀ ਸੁਨਣ ਨੂੰ ਤਿਆਰ ਅਤੇ ਸਰਬੱਤ ਦੇ ਭਲੇ ਖ਼ਾਤਰ ਕਦਮ ਚੁੱਕਣ ਵਾਲੀ ਲੀਡਰਸ਼ਿਪ ਦੀ ਲੋੜ ਹੈ। ਲਾਜ਼ਮੀ ਹੈ ਕਿ ਸਰਕਾਰ ਗੱਲਬਾਤ ਅਤੇ ਸਲਾਹ-ਮਸ਼ਵਰੇ ਲਈ ਦਰਵਾਜੇ ਖੋਲ੍ਹੇ ਅਤੇ ਆਪਣੇ ਵਿੱਤੀ ਸਾਧਨਾਂ ਨੂੰ ਧਿਆਨ 'ਚ ਰੱਖਦਿਆਂ ਤੁਰੰਤ ਕੁੱਝ ਕਰੇ।

## ਹਲਕਾ ਇੰਚਾਰਜ ਮੋਗਾ ਨਵਦੀਪ ਸੰਘਾ ਤੇ ਪਾਰਟੀ ਨੇ ਜਤਾਇਆ ਭਰੋਸਾ



**ਮੋਗਾ/ਦਵਿੰਦਰ ਸਿੰਘ ਬਿੱਟੂ** : ਆਮ ਆਦਮੀ ਪਾਰਟੀ ਦੇ ਮੋਗਾ ਤੋਂ ਹਲਕਾ ਇੰਚਾਰਜ ਨਵਦੀਪ ਸੰਘਾ ਦੀ ਮਿਹਨਤ, ਇਮਾਨਦਾਰ ਅਤੇ ਪ੍ਰਤਿਭਾ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਪੰਜਾਬ ਵੱਲੋਂ ਇਕ ਹੋਰ ਜਿੰਮੇਵਾਰੀ ਮੁੱਖ ਬੁਲਾਰੇ ਪੰਜਾਬ ਲਗਾਏ ਗਏ। ਜਿਕਰਯੋਗ ਹੈ ਕਿ ਨਵਦੀਪ ਸੰਘਾ ਪਹਿਲਾਂ ਵੀ ਇਸ ਜੁਂਮੇਵਾਰੀ ਨੂੰ ਸੁਚੱਜੇ ਢੰਗ ਨਾਲ ਨਿਭਾ ਚੁੱਕੇ ਹਨ ਆਉਣ ਵਾਲੇ ਸਮੇਂ ਵਿੱਚ ਪਹਿਲਾਂ ਦੀ ਤਰ੍ਹਾਂ ਹੀ ਹਰ ਵਰਗ ਦੀ ਆਵਾਜ ਬਣਨਗੇ। ਇਹਨਾਂ ਦੀ ਪੰਜਾਬ ਦੇ ਹਰ ਮੁਦੇ ਤੇ ਮਜਬੂਤ ਪਕੜ ਹੈ ਭਾਵੇ ਉਹ ਮੁਦਾ ਕਿਸਾਨੀ, ਬੇਰੋਜਗਾਰੀ, ਵੱਧਦੀ ਮਹਿੰਗਾਈ, ਮਜੂਦਾ ਸਰਕਾਰ ਤੋਂ ਤੰਗ ਆਏ ਧਰਨੇ ਤੇ ਬੈਠੇ ਹਰ ਵਰਗ ਦਾ ਹੋਵੇ ਸਰਕਾਰਾਂ ਤੋਂ ਤੰਗ ਆਏ ਹਰੇਕ ਵਰਗ ਦੀ ਮੋਗਾ ਹਲਕੇ ਲਈ ਅਤੇ ਪੰਜਾਬ ਲਈ ਅਵਾਜ ਬਣਨਗੇ।

# ਕਾਰਗਿਲ ਵਿਜੇ ਦਿਵਸ ਨੂੰ ਸਮਰਪਿਤ ਪੌਦੇ ਲਗਾਉਣ ਦਾ ਪ੍ਰੋਗਰਾਮ ਕੀਤਾ ਗਿਆ ਆਯੋਜਿਤ

## ਬਰਸਾਤ ਦੇ ਮੌਸਮ ਵਿੱਚ ਇੱਕ ਪੌਦਾ ਜਰੂਰ ਲਗਾਓ : ਡਾ. ਰਮਨੀਤਾ ਸਾਰਦਾ

**ਫਰਿਜਪੁਰ/ਲੋਕ ਬਾਣੀ**

ਦੇਵ ਸਮਾਜ ਕਾਲਜ ਦੇ ਵਿਹੜੇ ਵਿੱਚ ਮਯੰਕ ਫਾਉਂਡੇਸਨ ਵੱਲੋਂ ਕਾਰਗਿਲ ਦੇ ਸਹੀਦਾਂ ਨੂੰ ਸਮਰਪਿਤ ਪੌਦੇ ਲਗਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ । ਜਿਸ ਵਿਚ ਮਿਉਂਸੀਪਲ ਕਮੇਟੀ ਦੇ ਪ੍ਰਧਾਨ ਰਿੰਕੂ ਗਰੋਵਰ, ਅਸੋਕ ਬਹਿਲ ਸਕੱਤਰ ਰੈਡ ਕਰਾਸ, ਪਰਮਿੰਦਰ ਹਾਂਡਾ, ਐਮ. ਸੀ., ਐੱਨ.ਐੱਸ.ਐੱਸ., ਐੱਨ.ਸੀ.ਸੀ, ਰੈੱਡ ਰਿਬਨ ਕਲੱਬ ਦੇਵ ਸਮਾਜ ਕਾਲਜ ਦਾ ਵਿਸੇਸ ਸਹਿਯੋਗ ਰਿਹਾ । ਰਮਨੀਤਾ ਸੈਣੀ ਸਾਰਦਾ ਦੀ ਯੋਗ ਅਗਵਾਈ ਹੇਠ ਇਸ ਕੈਂਪ ਵਿੱਚ ਕੁੱਲ 100 ਬੂਟੇ ਮੁੱਖ ਤੌਰ ਤੇ ਗੁਲਾਬ, ਕਚਨਾਰ, ਗੁਲਮੋਹਰ, ਸਿਲਵਰ ਰੋਜ, ਕਲੀ, ਕਨੇਰ, ਨਿੰਮ, ਜਾਮੁਨ, ਅਮਰੂਦ ਲਗਾਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਡਾ: ਰਮਨੀਤਾ ਸੈਣੀ ਸਾਰਦਾ ਨੇ ਕਿਹਾ ਕਿ ਜੇ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੇ ਕੋਈ ਵਿਰਾਸਤ ਦੇ ਸਕਦੇ ਹਾਂ ਤਾਂ ਉਹ ਇੱਕ ਸਾਫ ਅਤੇ ਹਰਿਆਵਲ ਵਾਲਾ ਸੰਸਾਰ ਹੈ । ਉਨ੍ਹਾਂ ਕਿਹਾ ਕਿ ਰੁੱਖ ਅਤੇ ਪੌਦੇ ਸਾਡੀ ਹੋਂਦ ਲਈ ਜਰੂਰੀ ਹਨ ਉਨ੍ਹਾਂ ਇਸ ਗੱਲ 'ਤੇ ਚਿੰਤਾ ਜਾਹਰ ਕੀਤੀ ਕਿ ਅੱਜ ਦਾ ਮਨੁੱਖ ਵਿਕਾਸ ਦੇ ਨਾਮ 'ਤੇ ਰੁੱਖ ਵੱਢਣ ਵਿੱਚ ਰੁੱਝਿਆ ਹੋਇਆ ਹੈ ਅਤੇ ਆਪਣੇ ਪੈਰਾਂ 'ਤੇ ਆਪ ਹੀ ਕੁਹਾੜਾ ਮਾਰ ਰਿਹਾ ਹੈ । ਮਯੰਕ ਫਾਉਂਡੇਸਨ ਦੀ ਸਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੰਸਥਾ ਸਮਾਜ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਕੰਮ ਕਰ ਰਹੀ ਹੈ ਤੇ ਅੱਗੇ ਵੱਧ ਰਹੀ ਹੈ । ਇਸ ਮੌਕੇ ਡੀਨ ਆਉਟਰੀਚ ਪ੍ਰੋਗਰਾਮ ਮੈਡਮ ਸਪਨਾ ਬਧਵਾਰ ਨੇ ਪੌਦਿਆਂ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਨੂੰ ਕੋਰੋਨਾ ਦੇ ਇਸ ਸੰਕਟ ਵਿੱਚ ਪੌਦਿਆਂ ਦੀ ਸਾਡੀ ਜੀਂਦਗੀ ਵਿੱਚ ਜੋ ਅਹਿਮ



ਭੂਮਿਕਾ ਹੈ ਉਸ ਬਾਰੇ ਸਾਨੂੰ ਵਧੇਰੇ ਜਾਗਰੂਕ ਹੋਣਾ ਚਾਹੀਦਾ ਹੈ । ਅਸੀਂ ਸਾਰੇ ਜਾਣਦੇ ਹਾਂ ਕਿ ਕਿਵੇਂ ਆਕਸੀਜਨ ਦੀ ਘਾਟ ਕਾਰਨ ਲੋਕ ਆਪਣੇ ਅਜੀਜਾਂ ਨੂੰ ਗੁਆ ਚੁੱਕੇ ਹਨ ਅਤੇ ਇਸ ਸਭ ਦੇ ਪਿੱਛੇ ਰੁੱਖਾਂ ਨੂੰ ਕੱਟਣਾ ਮੁੱਖ ਕਾਰਨ ਹੈ । ਜੇਕਰ ਅਸੀਂ ਅਜੇ ਵੀ ਨਹੀਂ ਜਾਗੇ ਅਤੇ ਅਸੀਂ ਵੱਧ ਤੋਂ ਵੱਧ ਰੁੱਖ ਨਹੀਂ ਲਗਾਉਂਦੇ ਤਾਂ ਸਾਡੀ ਧਰਤੀ ਦੀ ਹੋਂਦ ਇੱਕ ਦਿਨ ਖਤਰੇ ਵਿੱਚ ਆ ਸਕਦੀ ਹੈ । ਉਹਨਾਂ ਕਿਹਾ ਕਿ ਪੌਦੇ ਵੀ ਸਾਡੀ ਜੀਂਦਗੀ ਦੇ ਤਣਾਅ ਨੂੰ ਦੂਰ ਕਰਨ ਵਿੱਚ ਸਹਾਈ ਹੁੰਦੇ ਹਨ। ਐਡਵੋਕੇਟ ਕਰਨ ਪੁੱਗਲ ਨੇ ਦੱਸਿਆ ਕਿ ਮਯੰਕ ਫਾਉਂਡੇਸਨ ਇਸ ਸਾਲ 'ਈਚ ਵੰਨ ਪਲਾਂਟ ਵੰਨ' ਮੁਹਿੰਮ ਤਹਿਤ 2021 ਬੂਟੇ ਲਗਾਏਗੀ ਅਤੇ ਸਾਰੇ ਨਾਗਰਿਕਾਂ ਨੂੰ ਬੂਟੇ ਲਗਾਉਣ ਲਈ ਪ੍ਰੇਰਿਤ ਕਰੇਗੀ । ਇਸ ਮੌਕੇ ਮਯੰਕ ਫਾਉਂਡੇਸਨ ਵੱਲੋਂ ਅਕਸ ਕੁਮਾਰ ਪ੍ਰੋਜੈਕਟ ਕਨਵੀਨਰ, ਐਡਵੋਕੇਟ ਅਸੀਸ ਸਰਮਾ, ਪ੍ਰਿੰਸੀਪਲ ਸੰਜੀਵ ਟੰਡਨ, ਕਮਲ ਸਰਮਾ, ਸੰਦੀਪ ਸਹਿਗਲ, ਜਤਿੰਦਰ ਸਿੰਘ, ਮਨੋਜ ਗੁਪਤਾ, ਅਰੁਣ ਕੁਮਾਰ, ਗੁਰਸਾਹਿਬ, ਦੀਪਕ ਸਰਮਾ ਅਤੇ ਦੇਵ ਸਮਾਜ ਦੇ ਪੀ.ਆਰ.ਓ. ਪ੍ਰੋ. ਸਵਿ ਸੇਠੀ, ਏ.ਐੱਨ.ਓ.ਐੱਨ.ਸੀ.ਸੀ ਵਿੰਗ ਲੈਫਟੀਨੈਂਟ ਡਾ. ਪਰਮਵੀਰ ਕੌਰ, ਕੋਆਰਡੀਨੇਟਰ ਯੂ.ਬੀ.ਏ ਸੈੱਲ ਪ੍ਰੋਫੈਸਰ ਸੁਮਿੰਦਰ ਸਿੰਘ, ਰੂਪਕਮਲ, ਰੁਪਿੰਦਰ, ਵਰਿੰਦਰ, ਬੀ.ਐੱਸ. ਡੋਗਰਾ ਅਤੇ ਹਰਿੰਦਰ ਘਈ ਮੌਜੂਦ ਸਨ ।

# ਜੀਰਕਪੁਰ ਵਿਖੇ ਜਬਰ ਜਨਾਹ ਦੇ ਦੋ ਮਾਮਲੇ ਦਰਜ-ਇੱਕ ਗ੍ਰਿਫਤਾਰ

**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਪੁਲਿਸ ਨੇ ਇੱਕ ਨਬਾਲਿਗ ਬੱਚੀ ਸਮੇਤ ਦੋ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਦੋ ਵੱਖ ਵੱਖ ਮਾਮਲੇ ਦਰਜ ਕੀਤੇ ਹਨ ਪੁਲਿਸ ਨੇ ਇਸ ਮਾਮਲੇ ਵਿੱਚ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਪੁਲਿਸ ਸੂਤਰਾਂ ਅਨੁਸਾਰ ਜੀਰਕਪੁਰ ਦੀ ਐਰੋਸਿਟੀ ਦੇ ਇੱਕ ਵਸਨੀਕ ਨੇ ਦਸਿਆ ਕਿ ਉਨ ਾਂ ਦੇ ਹੀ ਪੜੌਸ ਵਿੱਚ ਰਹਿਣ ਵਾਲਾ ਸੋਮ ਨਾਥ(28) ਬੀਤੇ ਦਿਨ ਉਸ ਦੀ 9 ਸਾਲਾ ਨਬਾਲਿਗ ਲੜਕੀ ਨੂੰ ਕੋਈ ਖਾਣ ਵਾਲੀ ਚੀਜ ਦੁਆਉਣ ਦਾ ਬਹਾਨਾ ਲਗਾ ਕੇ ਨਾਲ ਲੈ ਗਿਆ ਅਤੇ ਬਾਅਦ ਵਿੱਚ ਸੋਮ ਨਾਥ ਨੇ ਉਸ ਨਾਲ ਸੁਨਸਾਨ ਥਾ ਤੇ ਜਾ ਕੇ ਉਸ ਨਾਲ ਜਬਰ ਜਿਨਾਹ ਕੀਤਾ ਬੱਚੀ ਨੇ ਸਾਰੀ ਗਲ ਅਪਣੇ ਵਾਰਸਾਂ ਨੂੰ ਦੱਸੀ ਜਿਨ ਾਂ ਵਲੋਂ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਦਿੱਤੀ ਜਿਸ ਤੇ ਪੁਲਿਸ ਨੇ ਸੋਮ ਨਾਥ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਕਾਬੂ ਕਰ ਲਿਆ ਹੈ ਇਸ ਤੋਂ ਇਲਾਵਾ ਬਲਟਾਣਾ ਦੀ ਹਰਮਿਲਾਪ ਨਗਰ ਦੀ ਵਸਨੀਕ ਇੱਕ ਔਰਤ ਨੇ ਦਸਿਆਂ ਕਿ ਜਦ ਉਹ 14 ਸਾਲ ਦੀ ਸੀ ਤਾਂ ਬਠਿੰਡਾ ਦੇ ਇੱਕ ਵਿਅਕਤੀ ਨੇ ਉਸ ਨਾਲ ਜਬਰ ਜਨਾਹ ਕਰ ਦਿੱਤਾ ਇਸ ਦੌਰਾਨ ਜਦੋਂ ਉਸ ਵਲੋਂ ਪੁਲਿਸ ਸ਼ਿਕਾਇਤ ਕੀਤੀ ਤਾਂ ਉਸ ਵਿਅਕਤੀ ਨੇ ਉਸ ਨਾਲ ਸਮਝੌਤਾ ਕਰ ਲਿਆ ਅਤੇ ਉਨ ਾਂ ਦੀ ਫਿਰ ਮੁਲਾਕਾਤ ਹੋਣ ਲੱਗ ਗਈ ਉਤੇ ਇਸ ਦੌਰਾਨ ਉਸ ਦੇ ਬੱਚੇ ਵੀ ਪੈਦਾ ਹੋ ਗਏ ਉਸ ਨੇ ਦਸਿਆਂ ਕਿ ਉਕਤ ਵਿਅਕਤੀ ਉਸ ਨੂੰ ਛੱਡ ਕੇ ਫਿਰ ਫਰਾਰ ਹੋ ਗਿਆ ਜਿਸ ਤੇ ਉਸ ਵਲੋਂ ਲੰਬੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕੀਤਾ ਹੈ ਬਲਟਾਣਾ ਪੁਲਿਸ ਚੌਂਕੀ ਇੰਚਾਰਜ ਜਸ਼ਨਪ੍ਰੀਤ ਸਿੰਘ ਨੇ ਦਸਿਆ ਕਿ ਅਦਾਲਤ ਦੇ ਹੁਕਮਾ ਤੇ ਕਥਿਤ ਦੋਸ਼ੀ ਖਿਲਾਫ ਜਬਰ ਜਨਾਹ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਗਿਆਂ ਹੈ ਜਿਸ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਗਨ ਪੁਆਇੰਟ ਤੇ ਚਾਰ ਮਿੰਟਾਂ ਵਿੱਚ ਚਾਰ ਜਣਿਆਂ ਨੇ ਲੁੱਟਿਆ ਸਰਾਬ ਦਾ ਠੇਕਾ

**ਭੋਗਪੁਰ/ਸੁਖਵਿੰਦਰ ਜੰਡੀਰ**

ਸਵੇਰ ਦੇ ਸਾਢੇ ਤਿੰਨ ਵਜੇ ਆਦਮਪੁਰ ਟੀ ਪੁਆਇੰਟ ਤੇ ਸਥਿਤ ਸਰਾਬ ਦੇ ਠੇਕੇ ਨੂੰ ਲੁਟੇਰਿਆਂ ਨੇ ਬੰਦੂਕ ਦੀ ਨੋਕ ਤੇ ਲੁੱਟ ਦਾ ਸ਼ਿਕਾਰ ਬਣਾਇਆ ਹੈ ਅਤੇ ਬੰਦੂਕ ਦੀ ਨੋਕ ਤੇ ਲੁਟੇਰਿਆਂ ਵਲੋਂ ਇਸ ਸਰਾਬ ਦੇ ਠੇਕੇ ਤੋਂ ਲਗਭਗ ਦੱਸ ਹਜਾਰ ਰੁਪਏ ਨਕਦੀ ਅਤੇ ਵਧੀਆ ਬਰਾਂਡ ਦੀਆਂ ਸਰਾਬ ਦੀਆਂ ਪੇਟੀਆਂ ਨੂੰ ਲੁੱਟ ਦਾ ਨਿਸਾਨਾ ਬਣਾਇਆ। ਵਰਨਣਯੋਗ ਹੈ ਕਿ ਮਾਝਾ ਗਰੁੱਪ ਦੇ ਨਵਦੀਪ ਸਿੰਘ ਪੰਨੂ ਗਰੁੱਪ ਦੇ ਸਰਾਬ ਦੇ ਇਸ ਠੇਕੇ ਤੇ ਪਿਛਲੇ ਸਮੇਂ ਦੌਰਾਨ ਲੁੱਟ-ਖੋਹ ਦੀ ਇਹ ਤੀਸਰੀ ਵਾਰ ਵਾਰਦਾਤ ਸਾਹਮਣੇ ਆਈ ਹੈ। ਵਰਨਣ ਯੋਗ ਹੈ ਕਿ ਏਸ ਟੀ ਪੁਆਇੰਟ ਤੇ ਸਾਰਾ ਦਿਨ ਪੁਲਸ ਦਾ ਹਰ ਵਕਤ ਨਾਕਾ ਲੱਗਿਆ ਰਹਿੰਦਾ ਹੈ ਪ੍ਰੰਤੂ ਫਿਰ ਵੀ ਇਸ ਸਰਾਬ ਦੇ ਠੇਕੇ ਤੇ ਤੀਸਰੀ ਵਾਰ ਲੁੱਟ-ਖੋਹ ਦੀ ਵਾਰਦਾਤ ਪੁਲਿਸ ਦੀ ਨਾਕਾਮੀ ਅਤੇ ਸਰਾਬ ਠੇਕੇਦਾਰਾਂ ਦੀ ਲਾਪ੍ਰਵਾਹੀ ਨੂੰ ਉਜਾਗਰ ਕਰਦੀ ਹੈ । ਸਰਾਬ ਠੇਕੇਦਾਰਾਂ ਵੱਲੋਂ ਇਸ ਘਟਨਾ ਦੀ ਸੂਚਨਾ ਸਥਾਨਕ ਪੁਲਸ ਨੂੰ ਦਿੱਤੀ ਗਈ ਹੈ ਜਿਸ ਦੇ ਚਲਦਿਆਂ ਬਹੁਤ ਨਜਦੀਕ ਲੱਗੇ




ਸੀ.ਸੀ.ਟੀਵੀ ਕੈਮਰਿਆ ਦੀ ਫੁਟੇਜ ਨੂੰ ਖੰਗਾਲਿਆ ਹੈ। ਜਿਸ ਤੋਂ ਪਤਾ ਚੱਲਿਆ ਹੈ ਕਿ ਆਦਮਪੁਰ ਚੌਂਕ ਵੱਲੋਂ ਆਈ ਸਵਿਫਟ ਕਾਰ ਵਿੱਚੋਂ ਉੱਤਰੇ ਚਾਰ ਲੁਟੇਰਿਆਂ ਨੇ ਇਸ ਘਟਨਾ ਨੂੰ ਅੰਜਾਮ ਦੇ ਕੇ ਜਲੰਧਰ ਸਾਈਡ ਵੱਲ ਕਾਰ ਲੈ ਕੇ ਫਰਾਰ ਹੋ ਗਏ। ਵਾਰ-ਵਾਰ ਲੁੱਟਖੋਹ ਦੀਆਂ ਵਾਰਦਾਤਾਂ ਹੋਣ ਦੇ ਬਾਵਜੂਦ ਸਰਾਬ ਠੇਕੇਦਾਰਾਂ ਵੱਲੋਂ ਸੀ.ਸੀ.ਟੀਵੀ ਕੈਮਰੇ ਨਾ ਲਗਾਉਣੇ ਆਪਣੇ ਆਪ ਚ ਕਈ ਸਵਾਲ ਪੈਦਾ ਕਰਦਾ ਹੈ।

# ਔਲਖ ਵਲੋ ਕਾਰਗਿਲ ਵਿਜੈ ਦਿਵਸ ਮੌਕੇ ਸਹੀਦਾਂ ਨੂੰ ਸ਼ਰਧਾਂਜਲੀ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਕਾਰਗਿਲ ਵਿਜੈ ਦਿਵਸ ਮੌਕੇ ਤਰਨ ਤਾਰਨ ਚੌਂਕ ਝਬਾਲ ਰੋਡ ਵਿਖੇ ਬਣੇ ਸਹੀਦੀ ਸਮਾਰਕ ਉੱਪਰ ਗੁਰਸੇਵਕ ਸਿੰਘ ਔਲਖ ਆਪਣੀ ਟੀਮ ਨਾਲ ਕਾਰਗਿਲ ਸਹੀਦਾ ਨੂੰ ਸਰਧਾਂਜਲੀ ਦੇਣ ਪਹੁੰਚੇ। ਇਸ ਮੌਕੇ ਗੁਰਸੇਵਕ ਸਿੰਘ ਔਲਖ ਨੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਦਸਿਆ ਕਿ ਕਾਰਗਿਲ ਦੀ ਜੰਗ ਦੌਰਾਨ ਹਲਕੇ ਖਡੂਰ ਸਾਹਿਬ ਦੇ ਸਹੀਦ ਹੋਏ ਜੋਧਿਆ ਦੇ ਪਰਿਵਾਰਾ ਤਕ ਪਹੁੰਚ ਕਰਕੇ ਉਹਨਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ । ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਸਹੀਦਾ ਦੇ ਪਰਿਵਾਰਾਂ ਦਾ ਵਿਸੇਸ ਤੌਰ ਤੇ ਖਿਆਲ ਰੱਖਿਆ ਜਾਵੇਗਾ। ਔਲਖ ਨੇ ਦੱਸਿਆ ਕਿ ਸਹੀਦ ਕੌਮ ਅਤੇ ਦੇਸ ਦਾ ਸਰਮਾਇਆ ਹੁੰਦੇ ਹਨ। ਜਿਨ੍ਹਾਂ ਦੀ ਕੁਰਬਾਨੀ ਨਾ ਭੁਲਨਜੋਗ ਹੈ। ਇਸ ਮੌਕੇ ਉਹਨਾਂ ਨਾਲ ਰਾਜ ਕੁਮਾਰ , ਸੁਖਬੀਰ ਸਿੰਘ ਬਾਠ, ਹਰਪ੍ਰੀਤ ਸਿੰਘ ਫੌਜੀ, ਰਣਜੀਤ ਸਿੰਘ ਬਲਾਕ ਪ੍ਰਧਾਨ, ਅਵਤਾਰ ਸਿੰਘ ਫੌਜੀ, ਨੀਲ ਕਮਲ ਜੋਸੀ, ਹਰਜਿੰਦਰ ਸਿੰਘ, ਤਰਸੇਮ ਸਿੰਘ ਕੋਹਾੜਕਾ ਆਦਿ ਹਾਜਰ ਸਨ।



# ਸੁਖਵਿੰਦਰ ਸੋਹੀ ਨੂੰ ਮਾਤਾ ਜੀ ਦੇ ਦੇਹਾਂਤ ਦਾ ਗਹਿਰਾ ਸਦਮਾ

**ਕਪੂਰਥਲਾ/ਪਰਮਜੀਤ ਸੰਨੀ**

ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਕਪੂਰਥਲਾ ਦੇ ਜਰਨਲ ਸੈਕਟਰੀ ਸੁਖਵਿੰਦਰ ਸੋਹੀ ਜੀ ਦੇ ਮਾਤਾ ਜਸਵਿੰਦਰ ਕੌਰ ਮੈਂਬਰ ਪੰਚਾਇਤ ਪਤਨੀ ਜਸਬੀਰ ਸਿੰਘ ਜੀ ਦੀ ਅਚਾਨਕ ਦਿਲ ਦੀ ਧੜਕਣ ਰੁਕਣ ਕਾਰਣ ਮੌਤ ਹੋ ਗਈ, ਜਿਸ ਤੋਂ ਪੱਤਰਕਾਰ ਸੁਖਵਿੰਦਰ ਸੋਹੀ ਨੂੰ ਗਹਿਰਾ ਸਦਮਾ ਲੱਗਾ ਅਤੇ ਮਾਂ ਦਾ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਇਸ ਮੌਕੇ ਵੱਖ ਵੱਖ ਪ੍ਰੈੱਸ ਜੱਥੇਬੰਦੀਆਂ, ਧਾਰਮਿਕ ਸੰਸਥਾਵਾਂ, ਰਾਜਨੀਤਿਕ ਸੰਸਥਾਵਾਂ ਅਤੇ ਕਲਾਕਾਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਜਿਨ੍ਹਾਂ ਵਿਚ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਕਪੂਰਥਲਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਅਤੇ ਲੋਕ ਗਾਇਕ ਕਲਾ ਮੰਚ ਐਚ ਰਜਿ ਇੰਟਰਨੈਸਨਲ ਦੇ ਅਹੁਦੇਦਾਰ ਅਤੇ ਮੈਂਬਰ ਸਾਮਿਲ ਹਨ।





# ਕੋਰੋਨਾ ਨਾ ਜਾਨ ਗਵਾਉਣ ਵਾਲੇ ਆਸ਼ਰਿਤ ਨੂੰ ਕਰਮਚਾਰੀ ਰਾਜ ਬੀਮਾ ਨਿਗਮ ਪਟਿਆਲਾ ਨੇ ਕੀਤਾ ਪਹਿਲਾ ਭੁਗਤਾਨ

**ਪਟਿਆਲਾ/ਜਗਦੀਸ ਰਾਈਕਾ**

ਮਿਤੀ 27.07.2021 ਨੂੰ ਪਟਿਆਲਾ ਵਿੱਚ ਸਥਿਤ ਕਰਮਚਾਰੀ ਰਾਜ ਬੀਮਾ ਨਿਗਮ ਦੇ ਸ਼ਾਖਾ ਪ੍ਰਬੰਧਕ ਸ਼੍ਰੀ ਸੁਬੇਗ ਸਿੰਘ ਵੱਲੋਂ ਕੋਰੋਨਾ ਦੇ ਕਾਰਣ ਹੋਈ ਮੌਤ ਦੇ ਸਬੰਧ ਵਿੱਚ ਬੀਮਿਤ ਵਿਅਕਤੀ ਦੀ ਆਸ਼ਰਿਤ ਵਿਧਵਾ ਨੂੰ ਕੋਵਿਡ19 ਰਾਹਤ ਯੋਜਨਾ ਦੇ ਅਧੀਨ ਆਸ਼ਰਿਤ ਹਿਤਲਾਭ ਦਾ ਪਹਿਲਾ ਭੁਗਤਾਨ ਕੀਤਾ ਗਿਆ। ਇਸ ਯੋਜਨਾ ਅਧੀਨ ਆਸ਼ਰਿਤ ਨੂੰ ਬੀਮਾ ਧਾਰਕ ਦੀ ਔਸਤ ਤਨਖਾਹ ਦਾ 90 ਪ੍ਰਤੀਸ਼ਤ ਦੀ ਦਰ ਨਾਲ ਭੁਗਤਾਨ ਕੀਤਾ ਜਾਂਦਾ ਹੈ। ਬੀਮਾ ਧਾਰਕ ਵਿਅਕਤੀ ਦੀ ਮੰਦਭਾਗੀ ਮੌਤ ਦੀ ਸਥਿਤੀ ਵਿੱਚ ਬੀਮਾ ਧਾਰਕ ਵਿਅਕਤੀ ਦੇ ਪਰਿਵਾਰ ਦੇ ਸਭ ਤੋਂ ਵੱਡੇ ਜੀਵਿਤ ਮੈਂਬਰ ਨੂੰ ਜਾਂ ਬੀਮਾ ਧਾਰਕ ਵਿਅਕਤੀ ਦਾ ਅੰਤਿਮ ਸੰਸਕਾਰ ਕਰਨ ਵਾਲੇ ਵਿਅਕਤੀ ਨੂੰ 15,000/ ਰੁਪਏ ਦਾ ਅੰਤਮ ਸੰਸਕਾਰ ਦਾ ਖਰਚ ਦੀ ਰਾਸ਼ੀ ਦਿੱਤੀ ਜਾਂਦੀ ਹੈ ਜੋ ਪਹਿਲਾਂ ਹੀ ਸੰਬੰਧਿਤ ਆਸ਼ਰਿਤ ਨੂੰ ਦਿੱਤੀ ਜਾ ਚੁੱਕੀ ਹੈ। ਆਸ਼ਰਿਤ ਹਿੱਤਲਾਭ ਪ੍ਰਾਪਤ ਕਰਦੇ ਹੋਏ ਆਸ਼ਰਿਤ ਵਿਧਵਾ ਨੇ ਸ਼ਾਖਾ ਦਫਤਰ ਵਿੱਚ ਤੈਨਾਤ ਸਾਰੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਹੈ ਅਤੇ ਦੱਸਿਆ ਹੈ ਕਿ ਕੋਵਿਡ19 ਰਾਹਤ ਯੋਜਨਾ ਦੇ ਅਧੀਨ ਸਬੰਧਿਤ ਕਾਗਜਾਤ ਜਮਾਂ ਕਰਵਾ ਕੇ ਹਿਤਲਾਭ ਪ੍ਰਾਪਤ ਕਰਨਾ ਬਹੁਤ ਅਸਾਨ ਹੈ। ਕੋਵਿਡ19 ਰਾਹਤ ਯੋਜਨਾ ਦੀ ਪੂਰਨ ਜਾਣਕਾਰੀ ਲਈ ਈ.ਐਸ.ਆਈ. ਸ਼ਾਖਾ ਪ੍ਰਬੰਧਕ ਸ਼੍ਰੀ ਸੁਬੇਗ ਸਿੰਘ, ਪਟਿਆਲਾ, ਮੋਬਾਇਲ ਨੰਬਰ 9417991828 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਹ ਸਭ ਖੇਤਰੀ ਨਿਰਦੇਸ਼ਕ ਸ਼੍ਰੀ ਅਮਰੀਸ਼ ਸ਼ਰਮਾ ਅਤੇ ਸ਼੍ਰੀ ਦਿਨੇਸ਼ ਸਿੰਘ ਸਹਾਇਕ ਨਿਰਦੇਸ਼ਕ ਖੇਤਰੀ ਦਫਤਰ ਚੰਡੀਗੜ੍ਹ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹੀ ਕੀਤਾ ਜਾ ਰਿਹਾ ਹੈ।



## ਪੰਜਾਬੀ ਗਾਇਕ ਸਿੱਪੀ ਗਿੱਲ ਨੂੰ ਪਸ਼ੂ ਕਲਿਆਣ ਬੋਰਡ ਵਲੋਂ ਨੋਟਿਸ ਜਾਰੀ

**ਪਟਿਆਲਾ/ਜਗਦੀਸ ਰਾਈਕਾ :** ਸੰਦੀਪ ਸਿੰਘ ਉਰਫ ਸਿੱਪੀ ਗਿੱਲ ਦੇ ਖਿਲਾਫ ਪਸ਼ੂ ਕਲਿਆਣ ਬੋਰਡ ਵੱਲੋਂ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਸਿੱਪੀ ਗਿੱਲ ਨੇ ਆਪਣੇ ਗਾਣੇ ਬੱਬਰ ਸ਼ੇਰ ਅਤੇ 12 ਦੀਆ 12 ਗਾਣੇ ਦੇ ਵਿੱਚ ਬੇਜੁਬਾਨ ਪਸ਼ੂਆਂ ਦੀ ਬਿਨਾਂ ਪਰਮਿਸ਼ਨ ਤੇ ਵਰਤੋ ਕੀਤੀ ਗਈ। ਪੰਡਿਤ ਰਾਓ ਧਰੇਨਵਰ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ ਤੇ ਪਸ਼ੂ ਕਲਿਆਣ ਬੋਰਡ ਨੇ ਸਿੱਪੀ ਗਿੱਲ ਤੋਂ 7 ਦਿਨਾਂ ਵਿੱਚ ਜਵਾਬ ਮੰਗਿਆ ਹੈ। ਪੰਡਿਤ ਰਾਓ ਨੇ ਕਿਹਾ ਹੈ ਕਿ ਬੇਜੁਬਾਨ ਪਸ਼ੂਆਂ ਦੀ ਗਲਤ ਵਰਤੋ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਵੱਡੀ ਪੱਧਰ ਤੇ ਕੰਮ ਕਰਨ ਦੀ ਲੋੜ ਹੈ ਅਤੇ ਪੰਡਿਤ ਰਾਓ ਨੇ ਬੇਨਤੀ ਕੀਤੀ ਹੈ ਕਿ ਬੇਜੁਬਾਨ ਪਸ਼ੂਆਂ ਦੀ ਗਲਤ ਵਰਤੋ ਨਾ ਕੀਤੀ ਜਾਵੇ।




# ਪਟਿਆਲਾ ਰੈਲੀ ਲਈ ਮੁਲਾਜਮਾਂ ਤੇ ਪੇਨਸਨਰਾਂ 'ਚ ਭਾਰੀ ਉਤਸਾਹ



**ਪਟਿਆਲਾ/ਜਗਦੀਸ ਰਾਈਕਾ**

ਪੰਜਾਬ ਤੇ ਯੂ ਟੀ ਮੁਲਾਜਮ ਪੈਨਸ਼ਨਰ ਸਾਂਝਾ ਫਰੰਟ ਵਲੋਂ ਮੁਲਾਜਮਾਂ ਦੀਆਂ ਮੁਖ ਮੰਗਾ ਦੇ ਹੱਲ ਲਈ 29ਜੁਲਾਈ ਨੂੰ ਅਨਾਜ ਮੰਡੀ ਸਰਹਿੰਦ ਰੋਡ ਪਟਿਆਲਾ ਵਿਖੇ ਵਿਸਾਲ ਰੈਲੀ ਕੀਤੀ ਜਾਵੇਗੀ ਪੰਜਾਬ ਸੁਬਾਰਡੀਨੇਟ ਸਰਵਸਿਜ ਫੈਡਰੇਸ਼ਨ 1406-22- ਬੀ ਦੇ ਆਗੂਆਂ ਸਤੀਸ ਰਾਣਾ,ਦਰਸਨ ਬੇਲੂ ਮਾਜਰਾ,ਕਰਮਜੀਤ ਬੀਹਲਾ ਤੇ ਤੀਰਥ ਬਾਸੀ ਵੱਖ ਵੱਖ ਜਿਲਿਆ ਚ ਤਿਆਰੀ ਮੀਟਿੰਗਾਂ ਕਰਾਉਣ ਉਪਰੰਤ ਪਟਿਆਲੇ ਵਿਖੇ ਪ੍ਰੇਸ ਦੇ ਨਾ ਬਿਆਨ ਜਾਰੀ ਕਰਦਿਆ ਕਿਹਾ ਕਿ ਪੰਜਾਬ ਸਰਕਾਰ ਵਲੋਂ ਛੇਵਾਂ ਪੇ ਕਮਿਸ਼ਨ ਦੀਆਂ ਤਰੁਟੀਆਂ ਦੂਰ ਕਰਕੇ ਇਕ ਜਨਵਰੀ 2016 ਤੋਂ 3.74 ਨਾਲ ਗੁਣਾ ਕਰਕੇ ਲਾਗੂ ਕਰਨ ਲਈ ,ਘਟੋ ਘੱਟ ਉਜਰਤ 26000 ਰੁਪਏ ਮਹਿਨਾ ਲਾਗੂ ਕਰਨ ਲਈ, ਡੇਲੀਵੇਜ ਕੋਨਟਰੈਕਟ ਥਰੁ ਕੋਨਟਰੈਕਟ ਆਊਟ ਸੋਰਸ ਇਨਲਿਸਟ ਮੈਂਟ ਪਾਲਸੀ ਰਾਹੀਂ ਹਰ ਤਰ੍ਹਾਂ ਦੇ ਕੱਚੇ ਮੁਲਾਜਮਾਂ ਨੂੰ ਪਕੇ ਕਰਨਾ ,ਮਾਣ ਭੱਤਾ ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਘਟੋ ਘਟ ਉਜਰਤਾ ਦੇ ਘੇਰੇ ਵਿਚ ਲਿਆਉਣਾ , ਪੁਰਾਣੀ ਪੈਨਸ਼ਨ ਬਹਾਲ ਕਰਨੀ ,ਜਿਹਨਾਂ ਅਦਾਰਿਆਂ ਵਿੱਚ ਪੈਨਸ਼ਨ ਨਹੀਂ ਹੈ ਜਿਵੇਂ ਸੀਵਰੇਜ ਬੋਰਡ ਪੁਡਾ ਆਦਿ ਵਿੱਚ ਵੀ ਪੁਰਾਣੀ ਪੈਨਸ਼ਨ ਲਾਗੂ ਕਰਨ ਲਈ ,ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨ ਲਈ 200 ਰੁਪਏ ਮਹਿਨਾ ਜਜੀਆ ਟੈਕਸ ਬੰਦ ਕਰਨਾ ਆਦਿ ਮੰਗ ਪੱਤਰ ਵਿੱਚ ਦਰਜ ਮੰਗਾ ਸਬੰਧੀ ਉਪਰੋਕਤ ਆਗੂਆਂ ਤੋਂ ਇਲਾਵਾ ਸੁਖਵਿੰਦਰ ਸਿਘ ਚਾਹਿਲ,ਗੁਰਵਿੰਦਰ ਸਿੰਘ ਖਮਾਣੋ,ਜਸਵੀਰ ਖੋਖਰ, ਲਖਵਿੰਦਰ ਖਾਨ ਪੁਰ, ਹਰਿੰਦਰ ਸਿੰਘ ਖਾਲਸਾ,ਸਰਿੰਦਰ ਸਿੰਘ ਗੁਰਦਾਸਪੁਰ, ਮੱਖਣ ਸਿੰਘ ਵਾਹਿਦਪੁਰੀ,ਅਨਿਲ ਬਰਨਾਲਾ, ਮਨੋਹਰ ਲਾਲ ਮੁਕਤਸਰ ਸਾਹਿਬ, ਪੂਰਨ ਸੰਧੂ ਫਾਜ਼ਿਲਕਾ , ਕਿਸੋਰ ਚੰਦ ਬਠਿੰਡਾ,ਲਾਲ ਚੰਦ ਅਬੋਹਰ ਅਬੋਹਰ ਨਿਰਭੈ ਸਿੰਘ ਲੁਧਿਆਣਾ,ਸੁਖਦੇਵ ਚਿੰਗਾਲੀਵਾਲਾ,ਮਾਲਵਿੰਦਰ ਸੰਧੂ,ਕ੍ਰਿਸਨ ਜਾਗੋਵਾਲੀਆ ਫਿਰੋਜ਼ਪੁਰ ਮਨਜੀਤ ਸੈਣੀ ਹੁਸ਼ਿਆਰਪੁਰ,ਕੁਲਦੀਪ ਸਿੰਘ ਦੋੜਕਾ, ਬਲਵੀਰ ਸੈਣੀ ਰੋਪੜ ਮੋਹਣ ਸਿੰਘ ਸਿੰਘ ਨਵਾਂਸ਼ਹਿਰ ,ਬਲਜਿੰਦਰ ਤਰਤਾਰਨ,ਸਰਬਜੀਤ ਤਰਿਸੱਕਾ ਗੁਰਮੇਲ ਸਿੰਘ ਜਾਹਲਾਂ ,ਜਸਵਿੰਦਰ ਸੋਜਾ,ਰਾਜਵੀਰ ਤੇ ਦਰਸਨ ਸਿੰਘ ਮਾਨਸਾ ਆਗੂਆਂ ਨੇ ਕਿਹਾ ਕਿ 29ਜੁਲਾਈ ਨੂੰ ਪਟਿਆਲਾ ਵਿਖੇ ਵਿਸਾਲ ਸੁਬਾਈ ਰੈਲੀ ਅਤੇ ਮੁਜਾਹਰੇ ਵਿੱਚ ਪੰਜਾਬ ਦੇ ਸਮੁਚੇ ਜਿਲਿਆ ਤਹਿਸੀਲਾ ਬਲਾਕਾਂ ਵਿਚੋਂ ਵਡੀ ਗਿਣਤੀ ਵਿੱਚ ਮੁਲਾਜਮਾ ਤੇ ਪੇਨਸਨਰਾ ਵਲੋ ਸਮੂਲੀਅਤ ਕੀਤੀ ਜਾਵੇਗੀ।

# ਤਿੰਨ ਖੇਤੀ ਕਾਨੂੰਨਾਂ ਵਿਰੁੱਧ ਦਿੱਲੀ ਦੀਆਂ ਬਰੂਹਾਂ ਤੇ ਚੱਲ ਰਿਹਾ ਸੰਘਰਸ 8 ਮਹੀਨੇ ਤੋਂ

**ਪਟਿਆਲਾ/ਜਗਦੀਸ ਰਾਈਕਾ**

ਦਿੱਲੀ ਜਾਣ ਤੋਂ ਪਹਿਲਾਂ ਇਹ ਸੰਘਰਸ ਪੰਜਾਬ ਅਤੇ ਹੋਰ ਵੱਖ-ਵੱਖ ਰਾਜਾਂ ਵਿਚ ਸੁਰੂ ਹੋਇਆ ਸੀ, ਉਸੇ ਤਹਿਤ ਪਟਿਆਲਾ ਚੰਡੀਗੜ੍ਹ ਰਾਸਟਰੀ ਮਾਰਗ ਤੇ ਪੈਂਦੇ ਟੋਲ ਪਲਾਜਾ ਧਰੇੜੀ ਜੱਟਾਂ ਉੱਪਰ ਵੀ ਕਿਸਾਨ ਜਥੇਬੰਦੀਆਂ ਵੱਲੋਂ ਲਗਾਤਾਰ ਮੋਰਚਾ ਲਾਇਆ ਹੋਇਆ ਹੈ। ਪਹਿਲਾਂ ਇਸ ਸੰਘਰਸ ਵਿਚ ਕੇਵਲ ਕਿਸਾਨ ਭਾਈ ਸਾਮਿਲ ਸੀ ਪਰ ਹੁਣ ਇਸ ਸੰਘਰਸ ਦਾ ਹਿੱਸਾ ਮਾਤਾਵਾਂ, ਨੌਜਵਾਨ ਵੀਰ ਅਤੇ ਭੈਣਾਂ ਤੋਂ ਇਲਾਵਾ ਛੋਟੇ ਬੱਚੇ ਵੀ ਬਣ ਚੁੱਕੇ ਹਨ। ਇਸ ਤੋਂ ਅੱਗੇ ਬੱਚਿਆਂ ਵੱਲੋਂ ਆਪਣਾ ਜਨਮਦਿਨ ਵੀ ਇਹਨਾਂ ਧਰਨਾ ਸਥਾਨਾਂ ਤੇ ਮਨਾਉਣ ਦੀ ਜਿਦ ਕੀਤੀ ਜਾ ਰਹੀ ਹੈ। ਇਸੇ ਤਹਿਤ ਅੱਜ ਧਰੇੜੀ ਜੱਟਾਂ ਟੋਲ ਪਲਾਜਾ ਉੱਪਰ ਇੱਕ ਦਸ ਸਾਲਾਂ ਬੱਚੀ ਪ੍ਰੀਤ ਏਕਮ ਰਾਠੋਲ ਪੁੱਤਰੀ ਹਰਪ੍ਰੀਤ ਸਿੰਘ ਪਿੰਡ ਮਿੱਠੂ ਮਾਜਰਾ ਦਾ ਜਨਮ ਦਿਨ ਮਨਾਇਆ ਗਿਆ। ਇਸ ਸਮੇਂ ਮੁੱਖ ਤੌਰ ਲਗਾਤਾਰ ਇਸ ਧਰਨੇ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਰਣਜੀਤ ਸਵਾਜਪੁਰ, ਇੰਦਰਮੋਹਨ ਸਿੰਘ ਘੁਮਾਣਾ, ਸੁਰਿੰਦਰਪਾਲ ਗੌਂਸਪੁਰ, ਸੁਰਿੰਦਰ ਸਿੰਘ ਕਕਰਾਲਾ, ਮਨਜੀਤ ਕੌਲੀ, ਰਵਿੰਦਰ ਲੱਡੂ ਕੌਲੀ ਅਤੇ ਹੋਰ ਆਗੂ ਸਾਮਲ ਹੋਏ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜਲ੍ਹਿਾ ਪ੍ਰਧਾਨ ਰਣਜੀਤ ਸਿੰਘ ਸਵਾਜਪੁਰ ਨੇ ਸਮੂਹ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਅਤੇ ਇਸ ਜਨਮ ਦਿਨ ਨੂੰ ਦੂਜਿਆਂ ਲਈ ਵੀ ਪ੍ਰੇਰਨਾ-ਸਰੋਤ ਦੱਸਿਆ। ਉਹਨਾਂ ਕਿਹਾ ਕਿ ਇਹ ਦਰਸਾਉਂਦਾ ਹੈ ਕਿ ਅਸੀਂ ਕਿਸਾਨੀ ਸੰਘਰਸ ਨਾਲ ਦਿਲੋਂ ਜੁੜੇ ਹੋਏ ਹਾਂ ਅਤੇ ਅਸੀਂ ਮੋਦੀ ਸਰਕਾਰ ਦੀ ਥਕਾਉਣ ਵਾਲੀ ਚਾਲ ਦਾ ਤੋੜ ਵੀ ਲੱਭ ਲਿਆ ਹੈ।



## ਦੀਪਇੰਦਰ ਸਿੰਘ ਰਮਨ ਬਣੇ ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ ਪਹਿਲਵਾਨ ਗਰੁੱਪ ਦੇ ਸੀਨੀਅਰ ਮੀਤ ਪ੍ਰਧਾਨ

**ਪਟਿਆਲਾ/ਜਗਦੀਸ ਰਾਈਕਾ**

ਇੰਪਲਾਈਜ਼ ਫੈਡਰੈਸ਼ਨ ਪੰਜਾਬ ਰਾਜ ਬਿਜਲੀ ਬੋਰਡ (ਪਹਿਲਵਾਨ ਗਰੁੱਪ) ਪੰਜਾਬ ਦੀ ਸਿਰਮੋਰ ਜਥੇਬੰਦੀ ਵੱਲੋਂ ਰੋਟਰੀ ਕਲੱਬ ਪਾਵਰ ਕਲੋਨੀ ਲੁਧਿਆਣਾ ਵਿਖੇ ਸਟੇਟ ਕਮੇਟੀ ਦਾ ਚੋਣ ਇਜਲਾਸ ਕਰਵਾਇਆ ਗਿਆ। ਦੀਪਇੰਦਰ ਸਿੰਘ ਰਮਨ ਜੋ ਪਹਿਲਾ ਮੀਤ ਪ੍ਰਧਾਨ ਜਥੇਬੰਦੀ ਦੀ ਸੇਵਾ ਨਿਭਾਉਂਦੇ ਆਰ ਹੇ ਸਨ, ਨੂੰ ਉਨ੍ਹਾਂ ਦੀ ਜਥੇਬੰਦੀ ਨੂੰ ਸਮਰਪਤ ਸੋਚ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਈ ਸੇਵਾ ਨੂੰ ਵੇਖਦੇ ਹੋਏ ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ (ਪਹਿਲਵਾਨ ਗਰੁੱਪ) ਪੰਜਾਬ ਵਲੋਂ ਜਥੇਬੰਦੀ ਦਾ ਮੇਨ ਅਹੁੱਦਾ ਸੀਨੀਅਰ ਮਤੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।








# ਸ਼ਕੋਡਾ ਆਟੋ 100 ਤੋਂ ਵੀ ਵੱਧ ਸ਼ਹਿਰਾਂ ਵਿਚ ਮੌਜੂਦਗੀ ਦਰਜ ਕਰਵਾਏਗੀ




**ਚੰਡੀਗੜ੍ਹ/ਲੋਕ ਬਾਣੀ**

ਸਕੋਡਾ ਆਟੋ ਨੇ ਕੁਸ਼ਕ ਦੀ ਲਾਂਚ ਦੇ ਬਾਅਦ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਅਪਣਾ ਨੈਟਵਰਕ ਲਗਭਗ 15 ਫੀਸਦੀ ਵਧਾ ਲਿਆ ਹੈ। ਕੰਪਨੀ ਨੇ ਨੈਟਵਰਕ ਵਿਸਥਾਰ ਤੇ ਫੋਕਸ ਕਰਣ ਦੇ ਕਾਰਣ ਇਹ ਸੰਭਵ ਹੋਇਆ ਹੈ ਕੋ ਕੁਸ਼ਕ ਦੀ ਲਾਂਚ ਰਣਨੀਤੀ ਦਾ ਮਹਤਵਪੂਰਣ ਹਿਸਾ ਹੈ। ਅਗਸਤ 2021 ਤਕ ਭਾਰਰ ਦੇ 100 ਤੋਂ ਵੀ ਵੱਧ ਸ਼ਹਿਰਾਂ ਵਿਚ ਬ੍ਰਾਂਡ ਦੀ ਮੌਜੂਦਗੀ ਹੋਵੇਗੀ।ਕੰਪਨੀ ਨੇ ਭਾਰਤੀ ਬਾਜਾਰ ਵਿਚ ਪ੍ਰਵੇਸ਼ ਕਰਣ ਦੇ ਬਾਅਦ ਤੋਂ ਇਹ ਹੁਣ ਉਸਦੀ ਸਭ ਤੋਂ ਵੱਡੀ ਕਵਰੇਜ ਹੋਵੇਗੀ। ਇਸ ਵਿਸਥਾਰ ਦੇ ਬਾਅਦ ਸੇਲਸ ਅਤੇ ਆਫਟਰ ਸੇਲਸ ਕੇਂਦਰ ਮਿਲਾਕੇ ਦੇਸ਼ ਵਿਚ ਕੰਪਨੀ ਦੇ 170 ਤੋਂ ਵੀ ਵੱਧ ਕਸਟਮਰ ਟੱਚਪੂਵਾਇੰਟ ਹੋ ਜਾਣਗੇਂ। ਸਕੋਡਾ ਇੰਡਿਆ ਦੇ ਬ੍ਰਾਂਡ ਡਾਇਰੇਕਟਰ ਜੈਕ ਹੋਲਿਸ ਨੇ ਕਿਹਾ ਕਿ ਕੁਸ਼ਕ ਦਾ ਲਾਂਚ ਸਕੋਡਾ ਆਟੋ ਦੇ ਲਈ ਇਕ ਨਵੇਂ ਯੂਗ ਦੀ ਸ਼ੁਰੁਆਤ ਦਾ ਪ੍ਰਮਾਣ ਹੈ। ਅਗਲੇ ਮਹੀਨੇ ਤੋਂ 10 ਤੋਂ ਜਿਆਦਾ ਸ਼ਹਿਰਾਂ ਵਿਚ ਕੰਪਨੀ ਦੀ ਮੌਜੂਦਗੀ ਦਰਜ ਹੋ ਜਾਵੇਗੀ। ਗਾਹਕਾਂ ਦੇ ਅਨੁਭਵ ਨੂੰ ਬੇਹਤਰ ਬਨਾਉਣਾ ਵਿਕਾਸ ਦੀ ਰਣਨੀਤੀ ਦਾ ਮਹਤਵਪੂਰਣ ਪਿੱਲਰ ਹੈ ਅਤੇ ਇਸ ਉਦੇਸ਼ ਨੂੰ ਪੂਰਾ ਕਰਣ ਦੇ ਲਈ ਨੈਟਵਰਕ ਵਧਾਉਣਾ ਇਹ ਅਹਿਮ ਗਲ੍ਹ ਹੈ।

# ਨਲ ਤੋਂ ਪੀਣ ਯੋਗ ਪਾਣੀ ਤੋਂ ਹਰੇਕ ਸਾਲ ਤਿੰਨ ਕਰੋੜ ਪਲਾਸਟਿਕ ਬੋਤਲਾਂ ਤੇ ਹੋਵੇਗੀ ਕਟੌਤੀ

■ ਪੂਰੀ ਬਣਿਆ ਨਲ ਤੋਂ ਪੀਣ ਯੋਗ ਪਾਣੀ ਦੀ ਪੂਰਤੀ ਦੀ ਉਪਲੱਬਧੀ ਹਾਸਲ ਕਰਣ ਵਾਲਾ ਦੇਸ਼ ਦਾ ਪਹਿਲਾ ਸ਼ਹਿਰ



**ਚੰਡੀਗੜ੍ਹ/ਲੋਕ ਬਾਣੀ**

ਆਈਐਸ 10500 ਦੀ ਗੁਣਵੱਤਾ ਮਾਣਕਾਂ ਦੇ ਅਨੂਰੁਪ ਸਿੱਧੇ ਨਲ ਤੋਂ ਪੀਣ ਯੋਗ ਪਾਣੀ ਦੀ ਪੂਰਤੀ ਦੀ ਉਪਲਬਧੀ ਹਾਸਲ ਕਰਣ ਵਿਚ ਪੂਰੀ ਦੇਸ਼ ਦਾ ਪਹਿਲਾ ਭਾਰਤੀ ਸ਼ਹਿਰ ਬਣ ਗਿਆ ਹੈ। ਉਡਿਸ਼ਾ ਸਰਕਾਰ ਦੁਆਰਾ 'ਡ੍ਰਿੰਕ ਫਰੋਮ ਟੈਪ ਮਿਸ਼ਨ ਸੁਜਲ' ਦੀ ਸ਼ੁਰੁਆਤ ਕੀਤੀ ਸੀ। ਇਸ ਪਹਿਲ ਤੋਂ ਸ਼ਹਿਰ ਵਿਚ ਢਾਈ ਲੱਖ ਵਸਨਿਕਾਂ ਦੇ ਨਾਲ ਨਾਲ ਦੋ ਕਰੋੜ ਸੈਲਾਨਿਆਂ ਨੂੰ ਲਾਭ ਪ੍ਰਾਪਤ ਹੋਵੇਗਾ ਜੋ ਹਰ ਸਾਲ ਭਗਵਾਨ ਜਗਨ ਨਾਥ ਦੇ ਦਰਸ਼ਨਾਂ ਦੇ ਲਈ ਇਸ ਪਵਿਤਰ ਸਥਾਨ ਦੀ ਯਾਤਰਾ ਕਰਦੇ ਹਨ। ਸੁਰਖਿਅਤ ਪੀਣ ਦੇ ਪਾਣੀ ਦੀ ਵਿਅਵਸਥਾ ਤੋਂ ਹਰ ਸਾਲ ਤਿੰਨ ਕਰੋੜ ਪਲਾਸਟਿਕ ਦੀ ਬੋਤਲਾਂ ਤੇ ਕਟੌਤੀ ਹੋਵੇਗੀ ਜਿਸਦੇ ਪਰਿਣਾਮਸਰੂਪ 400 ਮੈਟ੍ਰਿਕ ਟਨ ਪਲਾਸਟਿਕ ਕਚਰੇ ਦਾ ਖਾਤਮਾ ਹੋਵੇਗਾ। ਇਸਤੋਂ ਸੁਬੇ ਵਿਚ ਕਾਰਬਨ ਫੁਟਪ੍ਰਿੰਟ ਵਿਚ ਹੋਰ ਜਿਆਦਾ ਕਮੀ ਆਵੇਗੀ। ਪੂਰੀ ਵਿਚ ਘਰਾਂ ਵਿਚ ਪਾਣੀ ਦੀ ਪੂਰਤੀ ਦੇ ਲਈ ਸੌ ਫੀਸਦੀ ਮੀਟਰ ਕੁਨੇਕਸ਼ਨ ਦੇ ਚਲਦੇ ਇਹ ਸ਼ਹਿਰ ਹੁਣ ਲੰਦਨ, ਸਿੰਗਾਪੁਰ ਅਤੇ ਨਿਯੂ ਯਾਰਕ ਵਰਗੇ ਸ਼ਹਿਰਾਂ ਦੀ ਸ਼ੁਮਾਰ ਵਿਚ ਆ ਗਿਆ ਹੈ। ਉਡਿਸ਼ਾ ਦੇ ਮੁੱਖ ਮੰਤਰੀ ਨੇ ਵਿਡਿਉ ਕਾਂਫਰੇਂਸਿੰਗ ਦੇ ਰਾਹੀਂ 26 ਜੁਲਾਈ ਨੂੰ ਪੂਰੀ ਤੋਂ 'ਡ੍ਰਿੰਕ ਫਰੋਮ ਟੈਪ ਮਿਸ਼ਨ ਸੁਜਲ' ਦਾ ਉਦਘਾਟਨ ਕੀਤਾ।

ਪੂਰੀ ਵਿਚ ਸਮਾਰਟ ਵਾਟਰ ਮੈਨੇਜਮੇਂਟ ਟੈਕਨੋਲੋਜੀ ਦੀ ਦਿਸ਼ਾ ਵਿਚ ਮਾਡਰਨ ਲੈਬਸ, ਮੋਬਾਇਲ ਲੈਬਸ, ਆਟੋਮੈਟਿਕ ਡੋਜਰਸ ਦੇ ਨਾਲ ਕਲੋਰਿਨ, ਵਾਟਰ ਕੂਵਾਲਿਟੀ ਸੇਂਸਰ ਆਦਿ ਦੀ ਮਦਦ ਤੋਂ ਪੀਣ ਦੇ ਪਾਣੀ ਦੀ ਗੁਣਵੱਤਾ ਦੀ ਪ੍ਰਣਾਲੀ ਨੂੰ ਮਜਬੂਤ ਬਣਾਇਆ ਗਿਆ ਹੈ।

# ਆਈਡੀਪੀ ਦੇ ਵਰਚੁਅਲ ਸਿੱਖਿਆ ਮੇਲੇ ਵਿਚ ਦੁਨੀਆਂ ਦੇ 170 ਨਾਲੋਂ ਜਿਆਦਾ ਨਾਮੀ ਯੂਨੀਵਰਸਿਟੀਆਂ ਅਤੇ ਸੰਸਥਾਨਾਂ ਦੀ ਭਾਗੀਦਾਰੀ

**ਚੰਡੀਗੜ੍ਹ/ਲੋਕ ਬਾਣੀ**

ਅੰਤਰਰਾਸਟਰੀ ਸਿੱਖਿਆ ਸੇਵਾਵਾਂ ਦੇ ਸੰਸਾਰ ਪ੍ਰਮੁੱਖ ਸੰਗਠਨ ਆਈਡੀਪੀ ਐਜੁਕੇਸਨ ਦਾ ਤੀਜਾ ਸਭ ਤੋਂ ਵੱਡਾ ਵਰਚੁਅਲ ਸਿੱਖਿਆ ਮੇਲਾ 3 ਅਗਸਤ ਤੋਂ ਸੁਰੂ ਹੋਵੇਗਾ ਅਤੇ 29 ਸਤੰਬਰ ਤੱਕ ਚੱਲੇਗਾ ।ਆਸਟ੍ਰੇਲੀਆ, ਇੰਗਲੈਂਡ, ਅਮਰੀਕਾ, ਕਨੇਡਾ, ਨਿਊਜੀਲੈਂਡ ਅਤੇ ਆਇਰਲੈਂਡ ਜਿਹੇ ਦੇਸਾਂ ਦੀਆਂ 170 ਨਾਲੋਂ ਜਿਆਦਾ ਵਿਸਵ ਪੱਧਰੀ ਯੂਨੀਵਰਸਿਟੀਅ ਅਤੇ ਸੰਸਥਾਨ ਇਸ ਵਿਚ ਭਾਗ ਲੈਣਗੇ . ਇਸਦਾ ਮਕਸਦ ਵਿਦੇਸ ਵਿਚ ਪੜ੍ਹਨ ਦੇ ਇਛੁੱਕ ਵਿਦਿਆਰਥੀਆਂ ਨੂੰ ਇਸਦੀ ਯੋਜਨਾਂ ਬਣਾਉਣ ਵਿਚ ਮਦਦ ਕਰਨਾ ਹੈ . ਭਾਗੀਦਾਰ ਯੂਨੀਵਰਸਿਟੀਆਂ ਅਤੇ ਸੰਸਥਾਨਾਂ ਦੇ ਪ੍ਰਤੀਨਿਧੀ ਵੀਡਿਓ ਕਾਲ ਨਾਲ ਵਿਦਿਆਰਥੀਆਂ ਨਾਲ ਵਿਅਕਤੀਗਤ ਤੌਰ ਤੇ ਗੱਲਬਾਤ ਕਰਨਗੇ ਅਤੇ ਵਿਦੇਸ ਵਿਚ ਪੜ੍ਹਨ ਸਬੰਧੀ ਸਾਰੇ ਸਵਾਲਾਂ ਦੇ ਜਵਾਬ ਦੇਣਗੇ। ਮੇਲੇ ਵਿਚ ਭਾਗੀਦਾਰੀ ਦੀ ਪ੍ਰਕ੍ਰਿਆ ਬਹੁਤ ਅਸਾਨ ਹੈ . ਵਿਦਿਆਰਥੀ ਅਧਿਕਾਰਕ ਆਈਡੀਪੀ ਵੈਬਸਾਈਟ ਤੇ ਜਾਣਗੇ ਅਤੇ ਵਰਚੁਅਲ ਮੇਲੇ ਵਿਚ ਆਪਣਾ ਸਲਾਟ ਬੁੱਕ ਕਰਨਗੇ . ਉਨ੍ਹਾਂ ਦੀ ਰਜਿਸਟਰਡ ਈ-ਮੇਲ ਆਈਡੀ ਤੇ ਆਯੋਜਨ ਨਾਲ ਜੁੜਨ ਦੇ ਲਈ ਕੁਝ ਦਿਨ ਪਹਿਲਾਂ ਇੱਕਾਂ ਲੰਕ ਆਵੇਗਾ . ਵਿਦਿਆਰਥੀ ਸੈਡਯੂਲ ਦੇ ਅਨੁਸਾਰਂ ਲੰਕ ਤੇ ਕਲਿੱਕ ਕਰਕੇ ਆਯੋਜਨ ਨਾਲ ਜੁੜ ਜਾਣਗੇ . ਮੇਲੇ ਵਿਚ ਇੱਕ ਆਈਡੀਪੀ ਐਕਸਪਰਟ ਦੀ ਮਦਦ ਨਾਲ ਉਹ ਮਨਪਸੰਦ ਯੂਨੀਵਰਸਿਟੀ ਜਾਂ ਸੰਸਥਾਨ ਚੁਣ ਸਕਦੇ ਹਨ ਅਤੇ ਵੀਡਿਓ ਕਾਨਫਰੰਸਿੰਗ ਦੇ ਜਰੀਏ ਵਿਅਕਤੀਗਤ ਗੱਲਬਾਤ ਕਰ ਸਕਦੇ ਹਨ।

ਆਈਡੀਪੀ ਐਜੁਕੇਸਨ ਦੇ ਖੇਤਰੀ ਨਿਰਦੇਸਕ (ਦੱਖਣੀ ਏਸੀਆ) ਪੀਯੁਸ ਕੁਮਾਰ ਨੇ ਕਿਹਾ, 'ਅਸੀਂ ਸਮਝਦੇ ਹਾਂ ਕਿ, ਸੰਸਥਾਨ ਦੀ ਚੋਣ ਅਤੇ ਅਪਲਾਈ ਕਰਨਾ ਵਿਦਿਆਰਥੀਆਂ ਅਤੇ ਮਾਪਿਆਂ ਦੇ ਲਈ ਕਿੰਨਾ ਮੁਸਕਿਲ ਹੁੰਦਾ ਹੈ . ਆਈਡੀਪੀ ਵਿਚ ਅਸੀਂ ਉਨ੍ਹਾਂ ਨੂੰ ਬਿਹਤਰੀਨ ਸਲਾਹ ਅਤੇ ਉੱਚ ਕੁਆਲਿਟੀ ਦੀ ਸਹਾਇਤਾ ਦੇਣ ਲਈ ਵਚਨਬੱਧ ਹਾਂ ਤਾਂ ਕਿ ਉਹ ਆਪਣੇ ਕੈਰੀਅਰ ਦੇ ਸੁਪਨੇ ਪੂਰੇ ਕਰਨ ਲਈ ਆਸਟ੍ਰੇਲੀਆ, ਅਮਰੀਕਾ, ਇੰਗਲੈਂਡ, ਕਨੇਡਾ, ਨਿਊਜੀਲੈਂਡ ਅਤੇ ਆਇਰਲੈਂਡ ਜਿਹੇ ਦਿੱਗਜ ਦੇਸਾਂ ਵਿਚ ਅਸਾਨੀ ਨਾਲ ਸਹੀ ਕੋਰਸ ਅਤੇ ਸੰਸਥਾਨ ਚੁਣਨ . ਸਾਡੀ ਹਮੇਸਾ ਇਹੀ ਕੋਸਸਿ ਰਹੀ ਹੈ ਕਿ ਵਿਦਿਆਰਥੀ ਤੇ ਸੰਸਥਾਨ ਦੇ ਮਾਹਿਰਾਂ ਦੇ ਵਿਚਕਾਰ ਮਹੱਤਵਪੂਰਣ ਜਾਣਕਾਰੀ ਦੇ ਅਦਾਨ-ਪ੍ਰਦਾਨ ਦਾ ਸਹੀ ਮਾਧਿਅਮ ਦੇਈਏ ਤਾਂ ਕਿ ਸੋਚ-ਸਮਝ ਦੇ ਫੈਸਲਾ ਲੈਣ ਲਈ ਸਹੀ ਮਾਰਗਦਰਸਨ ਮਿਲੇ।

# ਰੀਅਲਮੀ ਨੇ ਰੀਅਲਮੀ ਵਾਚ 2 ਪ੍ਰੋ, ਰੀਅਲਮੀ ਵਾਚ 2, ਰੀਅਲਮੀ ਬਡਸ ਵਾਯਰਲੈਸ 2, ਰੀਅਲਮੀ ਬਡਸ ਵਾਯਰਲੈਸ 2 ਨਿਯੋ ਅਤੇ ਰੀਅਲਮੀ ਬਡਸ ਕਿਊ2 ਨਿਯੋ ਦੇ ਲਾਂਚ ਦੇ ਨਾਲ ਆਪਣੀ ਏਆਈਓਟੀ ਪੇਸਕਸ਼ਾਂ ਦਾ ਵਿਸਥਾਰ ਕੀਤਾ

**ਚੰਡੀਗੜ੍ਹ/ਲੋਕ ਬਾਣੀ**

ਦੁਨੀਆਂ ਦੇ ਸਭ ਤੋਂ ਤੇਜੀ ਨਾਲ ਵਿਕਸਿਤ ਹੁੰਦੇ ਹੋਏ ਸਮਾਰਟਫੋਨ ਬ੍ਰਾਂਡ, ਰੀਅਲਮੀ ਨੇ ਅੱਜ ਰੀਅਲਮੀ ਵਾਚ 2 ਪ੍ਰੋ, ਰੀਅਲਮੀ ਵਾਚ 2, ਰੀਅਲਮੀ ਬਡਸ ਵਾਯਰਲੈਸ 2, ਰੀਅਲਮੀ ਬਡਸ ਵਾਯਰਲੈਸ 2 ਨਿਯੋ ਅਤੇ ਰੀਅਲਮੀ ਬਡਸ ਕਿਊ 2 ਨਿਯੋ ਦੇ ਲਾਂਚ ਦੇ ਨਾਲ ਆਪਣੀ ਏਆਈਓਟੀ ਪੇਸਕਸਾਂ ਦਾ ਵਿਸਥਾਰ ਕੀਤਾ . ਇਹ ਉਤਪਾਦ ਰੀਅਲਮੀ ਵੱਲੋਂ ਹਾਲ ਹੀ ਵਿਚ ਘੋਸਤਿ '1+5+ਟੀ' ਸਟ੍ਰੇਟੇਜੀ ਦੇ ਤਹਿਤ ਲਾਂਚ ਕੀਤੇ ਗਏ, ਜਿਸਦਾ ਮਕਸਦ ਯੂਜਰਸ ਦੇ ਲਈ ਲੇਟੇਸਟ ਟੈਕਨੋਲਾਜੀਕਲ ਟਰੈਂਡਸ ਦੇ ਅਨੁਸਾਰ ਅਸਪਾਯਰੇਸਨਲ, ਟਰੈਂਡਸੈਟਿੰਗ ਲਾਈਫਸਟਾਈਲ ਪੇਸ ਕਰਨ ਦੀ ਰੀਅਲਮੀ ਦੀ ਵਚਨਬੱਧਤਾ ਮਜਬੂਤ ਕਰਨਾ ਹੈ।

ਲਾਂਚ ਦੇ ਬਾਰੇ ਵਿਚ, ਸ੍ਰੀ ਮਾਧਵ ਸੇਠ, ਵਾਈਸ ਪ੍ਰੈਜੀਡੈਂਟ, ਰੀਅਲਮੀ ਅਤੇ ਚੀਫ ਐਗਜੀਕਿਊਟਿਵ ਅਫਸਰ, ਰੀਅਲਮੀ ਇੰਡੀਆ ਅਤੇ ਯੂਰਪ ਨੇ ਕਿਹਾ, 'ਰੀਅਲਮੀ ਦੇ ਲਈ ਭਾਰਤ ਮੁੱਖ ਪਹਿਲ ਵਾਲਾ ਬਜਾਰ ਹੈ . ਰੀਅਲਮੀ ਵਾਚ 2 ਪ੍ਰੋ, ਰੀਅਲਮੀ ਵਾਚ 2, ਰੀਅਲਮੀ ਬਡਸ ਵਾਯਰਲੈਸ 2, ਰੀਅਲਮੀ ਬਡਸ ਵਾਯਰਲੈਸ 2 ਨਿਯੋ ਅਤੇ ਰੀਅਲਮੀ ਬਡਸ ਕਿਊ2 ਨਿਯੋ ਦੇ ਲਾਂਚ ਨਾਲ ਅਸੀਂ ਸਮਾਰਟ, ਫ੍ਰੀ, ਟਰੈਂਡਸੈਟਿੰਗ ਅਤੇ ਕਨੈਕਟਡ ਲਾਈਫਸਟਾਈਲ ਵਾਲੇ ਆਪਣੇ ਗ੍ਰਾਹਕਾਂ ਦੇ ਲਈ ਹਾਈ ਪਰਫਾਰਮੈਂਸ ਵਾਲੇ ਟੇਕ ਲਾਈਫਸਟਾਈਲ ਉਤਪਾਦ ਪੇਸ ਕਰਨ ਤੇ ਆਪਣਾ ਕੇਂਦਰਣ ਮਜਬੂਤ ਕੀਤਾ ਹੈ।

ਰੀਅਲਮੀ ਵਾਚ 2ਪ੍ਰੋ, 5000 ਰੁਪਏ ਦੇ ਅੰਦਰ ਵੱਡੀ ਸਕ੍ਰੀਨ ਅਤੇ ਬੈਟਰੀ ਦੇ ਨਾਲ ਉੱਤਮ ਪ੍ਰੋ ਹੈ . ਇਸ ਵਿਚ 4.4 ਸੈਮੀ (1.75") ਦੀ ਵੱਡੀ ਕਲਰ ਡਿਸਪਲੇ ਸਕ੍ਰੀਨ ਹੈ, ਜਿਸਦਾ ਰਿਜੋਲਿਊਸਨ 320×385 ਪਿਕਸਲ ਹੈ, ਜਿਹੜਾ ਵਾਈਬ੍ਰੈਂਟ ਅਤੇ ਜੀਵਿਤ ਇਮੇਜ ਪ੍ਰਦਰਸਤਿ ਕਰਦਾ ਹੈ . ਇਸਦੀ ਪੀਕ ਬ੍ਰਾਈਟਨੈਸ 600 ਨਿਟਸ ਹੈ, ਜਿਸਦੇ ਕਾਰਨ ਤੇਜ ਧੁੱਪ ਵਿਚ ਵੀ ਇਸਦਾ ਡਿਸਪਲੇ ਸਾਫ ਦਿਸਦਾ ਹੈ . ਰੀਅਲਮੀ ਵਾਚ 2 ਪ੍ਰੋ ਵਿਚ 100 ਨਾਲੋਂ ਜਿਆਦਾ ਵਾਚ ਫੇਸ ਦੀ ਕਾਮਯਾਬ ਲਾਈਬ੍ਰੇਰੀ ਹੈ, ਜਿਸਦੇ ਲਈ ਰੀਅਲਮੀ ਨੇ ਮਸਹੂਰ ਕੋਰਿਆਈ ਡਿਜਾਇਨਰ ਗ੍ਰੇਪਲੈਕਸ ਦੇ ਨਾਲ ਸਹਿਯੋਗ ਕੀਤਾ ਹੈ . ਉਹ ਕਸਟਮਾਈਜਡ ਡਿਜਾਇਨਰ ਵਾਚ ਫੇਸ ਬਣਾਉਂਦੇ ਹਨ, ਜਿਨ੍ਹਾਂ ਨਾਲ ਸਟਾਈਲ ਦਾ ਇੱਕ ਨਵਾਂ ਪੱਧਰ ਮਿਲਦਾ ਹੈ . ਇਸ ਵਿਚ ਡਿਊਲ ਸੈਟੇਲਾਈਟ ਜੀਪੀਐਸ ਹੈ, ਜਿਹੜਾ 2.5 ਮੀਟਰ ਦੀ ਉੱਚ ਪੁਜਿਸਨਿੰਗ ਐਕੁਰੇਸੀ ਅਤੇ 2 ਸੈਕਿੰਡ ਤੱਕ ਦਾ ਸਭ ਤੋਂ ਤੇਜ ਪੁਜਿਸਨਿੰਗ ਟਾਈਮ ਪ੍ਰਦਾਨ ਕਰਦਾ ਹੈ . ਇਸ ਵਿਚ 390 ਐਮਏਐਚ ਦੀ ਹਾਈ ਐਫੀਸਿਐਂਸੀ ਬੈਟਰੀ ਹੈ, ਜਿਹੜੀ 14 ਦਿਨ ਤੱਕ ਦੀ ਬੈਟਰੀ ਲਾਈਫ ਦਿੰਦੀ ਹੈ . ਰੀਅਲਮੀ ਵਾਚ 2 ਪ੍ਰੋ ਨੂੰ ਲਗਭਗ ਸਾਰੇ ਐਪ ਨੋਟੀਫਿਕੇਸਨ ਮਿਲ ਸਕਦੇ ਹਨ ਅਤੇ ਇਸਨੂੰ ਰੀਅਲਮੀ ਸਮਾਰਟਫੋਨਸ ਦੇ ਨਾਲ ਅਸਾਨੀ ਨਾਲ ਪੇਅਰ ਕੀਤਾ ਜਾ ਸਕਦਾ ਹੈ . ਇਹ ਕਾਲਸ, ਐਸਐਮਐਸ ਅਤੇ ਥਰਡ ਪਾਰਟੀ ਐਪ ਮੈਸੇਜੇਸ ਦੇ ਡਿਸਪਲੇ ਨੂੰ ਸਪੋਰਟ ਕਰਦਾ ਹੈ . ਰੀਅਲਮੀ ਵਾਚ 2 ਪ੍ਰੋ ਆਈਪੀ68 ਵਾਟਰ ਰਜਿਸਟੈਂਸ ਹੈ, ਇਸ ਲਈ ਯੂਜਰਸ ਨੂੰ ਹੱਥ ਧੋਧ ਦੇ ਲਈ ਵਾਚ ਨੂੰ ਉਤਾਰਨਾ ਨਹੀਂ ਪੈਂਦਾ, ਨਾ ਹੀ ਕਸਰਤ ਕਰਦੇ ਸਮੇਂ ਉਨ੍ਹਾਂ ਨੂੰ ਵਾਚ ਦੇ ਪਸੀਨੇ ਨਾਲ ਭਿੱਜਣ ਦੀ ਫਿਕਰ ਕਰਨ ਦੀ ਜਰੂਰਤ ਹੈ।




ਰੀਅਲਮੀ ਬਡਸ ਵਾਯਰਲੈਸ 2 3000 ਰੁਪਏ ਦੇ ਅੰਦਰ ਏਐਨਸੀ ਦੇ ਨਾਲ ਬਿਹਤਰੀਨ ਨੇਕਬੈਂਡ ਹੈ . ਇਸ ਵਿਚ ਅਦਭੁਤ ਲੇਜਰ ਬੇਡ ਡਿਜਾਇਨ ਹੈ . ਇਸਦਾ ਭਾਰ ਸਿਰਫ 29 ਗ੍ਰਾਮ ਹੈ . ਇਸ ਲਈ ਇਹ ਲਾਈਟਵੇਟ ਅਤੇ ਪੋਰਟੇਬਲ ਹੈ . ਇਸ ਵਿਚ 25 ਡੇਸੀਬਲ ਤੱਕ ਐਕਟਿਵ ਨਵਾਇਜ ਕੈਂਸੇਲੇਸਨ ਹੈ . ਰੀਅਲਮੀ ਬਡਸ ਵਾਯਰਲੈਸ 2 ਫੀਡ-ਫਾਰਵਰਡ ਮਾਈਕ੍ਰੋਫੋਨ ਦੇ ਨਾਲ ਐਕਸਟਰਨਲ ਨਵਾਇਜ ਨੂੰ ਮਾਨਿਟਰ ਕਰਦੇ ਹਨ ਤੇ ਇਸਨੂੰ ਕੈਂਸਲ ਕਰਨ ਦੇ ਲਈ ਰਿਵਰਸ ਐਂਟੀ ਨਵਾਇਜ ਸਾਊਂਡ ਭੇਜਦੇ ਹਨ . ਰੀਅਲਮੀ ਨੇ ਆਰ2 ਚਿਪ ਦਾ ਇੱਕ ਐਕਸਕਲੂਸਿਵ ਵਰਜਨ ਬਣਾਇਆ ਹੈ . ਇਹ ਇੰਟੈਲੀਜੈਂਟ ਨਵਾਇਜ ਰਿਡਕਸਨ ਚਿਪ ਦੀ ਨਵੀਂ ਜਨਰੇਸਨ ਹੈ . ਕਾਲਸ ਦੇ ਲਈ ਰੀਅਲਮੀ ਬਡਸ ਵਾਯਰਲੈਸ 2 ਵਿਚ ਐਲੋਵੋਕਸ ਵਾਕਲਪਸ ਏਆਈ ਕਾਲ ਨਵਾਇਜ ਕੈਂਸੇਲੇਸਨ ਹੈ, ਜਿਹੜਾ 360 ਡਿਗਰੀ ਵਿਚ ਮਨੁੱਖੀ ਅਵਾਜ ਨੂੰ ਰੀਅਲਮੀ ਟਾਈਮ ਵਿਚ ਵਾਤਾਵਰਣ ਦੀ ਅਵਾਜ ਨਾਲ ਜੋੜ ਦਿੰਦਾ ਹੈ . ਯੂਜਰਸ ਓਪਨ ਆਫਿਸ, ਬਿਜੀ ਕੈਫੇ ਜਾਂ ਹਾਈਵੇ ਤੋਂ ਵੀ ਸਾਫ ਅਤੇ ਸਾਫ ਕਾਲ ਕਰ ਸਕਦੇ ਹਨ . ਇਸ ਵਿਚ 13.6 ਮਿਮੀ. ਦਾ ਬੇਸ ਬੂਸਟ ਡਰਾਈਵਰ, ਸੋਨੀ ਅਲਡੈਕ ਹਾਈ-ਰੇਂਜ ਆਡਿਓ ਹੈ, ਜਿਹੜਾ ਯੂਜਰਸ ਨੂੰ ਆਡਿਓ ਦਾ ਅਦਭੁਤ ਅਨੁਭਵ ਪ੍ਰਦਾਨ ਕਰਦਾ ਹੈ . ਰੀਅਲੀ ਨੇ ਚੇਨਸਮੋਕਰਸ ਦੇ ਨਾਲ ਮਿਲ ਕੇ ਬੇਸ ਬੂਸਟ+ ਵਿਕਸਿਤ ਕੀਤਾ ਹੈ, ਜਿਹੜਾ 13.6 ਮਿਮੀ. ਦੀ ਵਿਸਾਲ ਡਾਯਨਾਮਿਕ ਕਵਾਈਲ ਦਾ ਬਿਹਤਰ ਉਪਯੋਗ ਕਰਕੇ ਯੂਜਰਸ ਨੂੰ ਅਜਿਹਾ ਅਹਿਸਾਸ ਦਿੰਦਾ ਹੈ ਕਿ ਉਹ ਕੰਸਰਟ ਦੇ ਵਿਚਕਾਰ ਖੜੇ ਹੋਣ।

# ਲੂਮੀਨਸ ਪਾਵਰ ਟੈਕਨੋਲਾਜੀਜ ਨੇ ਭਾਰਤ ਦਾ ਸਭ ਤੋਂ ਉੱਨਤ ਡਿਜਾਇਨ ਵਾਲਾ ਇਨਵਰਟਰ 'ਆਈਕਨ' ਪੇਸ਼ ਕੀਤਾ

**ਚੰਡੀਗੜ੍ਹ/ਲੋਕ ਬਾਣੀ**

ਭਾਰਤ ਵਿਚ ਪਾਵਰ ਬੈਕਅਪ ਅਤੇ ਹੋਮ ਇਲੈਕਟ੍ਰੀਕਲਸ ਵਿਚ ਲੀਡਰ, ਲੂਮੀਨਸ ਪਾਵਰ ਟੈਕਨੋਲਾਜੀਜ ਨੇ ਅੱਜ ਆਈਕਨ 1100 ਦੇ ਲਾਂਚ ਦੀ ਘੋਸਣਾ ਕੀਤੀ . ਇਹ ਭਾਰਤ ਦਾ ਪਹਿਲਾ ਉੱਨਤ ਇਨਵਰਟਰ ਹੈ, ਜਿਹੜਾ ਖੂਬਸੂਰਤ, ਸੁਵਿਧਾਜਨਕ ਅਤੇ ਸੁਰੱਖਿਅਤ ਹੈ . ਇਹ ਪ੍ਰੀਮੀ ਅਮ ਇਨਵਰਟਰ ਸਾਹਮਣੇ ਦੇ ਵੱਲ ਖੂਬਸੂਰਤ ਕਵਰ ਅਤੇ ਕਿਨਾਰਿਆਂ ਦੇ ਨਾਲ ਆਉਂਦਾ ਹੈ, ਜਿਨ੍ਹਾਂ ਦੇ ਨਾਲ ਇਸਦਾ ਡਿਜਾਇਨ ਕਾਫੀ ਸਲੀਕ ਲੱਗਦਾ ਹੈ . ਇਹ ਬਿਹਤਰੀਨ ਇਨਵਰਟਰ ਤੁਹਾਡੇ ਲਿਵਿੰਗ ਰੂਮ ਦੀ ਖੂਬਸੂਰਤੀ ਨੂੰ ਵਧਾਉਂਦਾ ਹੈ ਅਤੇ ਤੁਹਾਡੇ ਘਰ ਜਾਂ ਦਫਤਰ ਵਿਚ ਇਸਨੂੰ ਲੁਕਾ ਕੇ ਰੱਖਣ ਦੀ ਜਰੂਰਤ ਨਹੀਂ ਪੈਦੀ . 8500 ਰੁਪਏ ਤੋਂ 9500 ਰੁਪਏ ਦੇ ਵਿਚਕਾਰ ਆਈਕਨ 1100 ਡਾਇਰੈਕਟ ਸੇਲਸ ਅਤੇ ਮਾਨਤਾ ਪ੍ਰਾਪਤ ਪਾਰਟਨਰਾਂ ਕੋਲੋਂ ਖਰੀਦਿਆ ਜਾ ਸਕਦਾ ਹੈ। ਇਸ ਅਭਿਨਵ ਉਤਪਾਦ ਵਿਚ ਬੈਟਰੀ ਦੇ ਲਈ ਇੱਕ ਸਮਰਪਿਤ ਇਨਕਲੋਜਰ ਹੁੰਦਾ ਹੈ, ਜਿਹੜਾ 150 ਏਐਚ 220 ਏਐਚ ਦੇ ਵਿਚਕਾਰ ਦੀ ਸਮਰੱਥਾ ਵਾਲੀ ਟਾਲ ਟਿਊਬਲਰ ਬੈਟਰੀ (ਟੀਟੀਬੀ) ਦੇ ਨਾਲ ਕੰਪੈਟੀਬਲ ਹੈ . ਬੈਟਰੀ ਨੂੰ ਅੰਦਰੋਂ ਕਨੈਕਟ ਕੀਤੇ ਜਾਣ ਦੇ ਬਾਅਦ, ਇਹ ਇੱਕ ਇੰਟੀਗ੍ਰੇਟਡ ਯੂਨਿਟ ਬਣ ਜਾਂਦਾ ਹੈ, ਜਿਸ ਵਿਚ ਬਾਹਰ ਦੇ ਵੱਲ ਇੱਕ ਵੀ ਤਾਰ ਦਿਖਾਈ ਨਹੀਂ ਦਿੰਦੀ . ਇਸ ਲਈ ਬੱਚਿਆਂ ਦੇ ਤਾਰ ਨਾਲ ਸੰਪਰਕ ਵਿਚ ਆਉਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਅਤੇ ਉਹ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਰਹਿੰਦੇ ਹਨ। ਲੇਟੇਸਟ ਆਈਕਨ 1100 ਵਿਚ 900 ਵੋਲਟ ਇੰਪੀਅਰ ਦੀ ਰੇਟਿੰਗ ਹੈ . ਇਹ ਘਰੇਲੂ ਬਜਾਰ ਵਿਚ ਸਭ ਤੋਂ ਜਿਆਦਾ ਵਿਕਣ ਵਾਲਾ ਇਨਵਰਟਰ ਸੈਗਮੈਂਟ ਹੈ . ਇਹ ਇਨਵਰਟਰ ਸੁੱਧ ਸਾਈਨ ਵੇਵ ਆਊਟਪੁੱਟ ਦੇ ਨਾਲ ਬਨਿਆ ਹੈ, ਜਿਹੜਾਂ ਗ੍ਰਿਡ ਪਾਵਰ ਫੇਲ ਹੋਣ ਦੀ ਸਥਿਤੀ ਵਿਚ ਉੱਤਮ ਵਿਕਲਪ ਦਾ ਕੰਮ ਕਰਦਾ ਹੈ . ਇਸ ਵਿਚ ਸਭ ਤੋਂ ਉੱਪਰ ਦੇ ਵੱਲ ਡਿਟੈਚੇਬਲ ਪੈਨਲ ਹੈ, ਜਿਸ ਕਾਰਨ ਟ੍ਰਾਲੀ ਨੂੰ ਹਟਾਏ ਬਿਨਾਂ ਬੈਟਰੀ ਵਿਚ ਪਾਣੀ ਭਰਨਾ ਅਸਾਨ ਹੈ . ਮੌਜੂਦਾ ਇਨਵਰਟਰ ਬੈਟਰੀ ਸੈਟ ਦੀ ਤੁਲਨਾਂ ਵਿਚ ਇਹ ਐਸਿਡ ਨੂੰ ਵੀ ਨਹੀਂ ਫੈਲਣ ਦਿੰਦਾ।




ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਇਨਰਵਹੀਲ ਕਲੱਬ ਮੋਗਾ ਰਾਇਲ ਨੇ ਜਰੂਰਤਮੰਦ ਪਰਵਾਰਾਂ ਨੂੰ ਪੱਖੇ ਵੰਡੇ

**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਪਿਛਲੇ ਕੁੱਝ ਦਿਨਾਂ ਤੋ ਪੈ ਰਹੀ ਕੜਾਕੇ ਦੀ ਗਰਮੀ ਨੂੰ ਵੇਖਦੇ ਹੋਏ ਐਤਵਾਰ ਦੀ ਸ਼ਾਮ ਇਨਰਵਹੀਲ ਕਲੱਬ ਮੋਗਾ ਰਾਇਲ ਵਲੋ 25 ਜਰੂਰਤਮੰਦ ਪਰਵਾਰਾਂ ਨੂੰ ਸੀਲਿੰਗ ਫੈਨ ਪੱਖੇ ਵੰਡੇ ਗਏ। ਇਸ ਮੌਕੇ ਮੁੱਖ ਮਹਿਮਾਨ ਦੇ ਤੋਰ ਤੇ ਅਕਾਲੀ ਦਲ ਦੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਬਰਾੜ ਦੀ ਪਤਨੀ ਤਜਿੰਦਰ ਕੋਰ ਵਿਸ਼ੇਸ਼ ਤੌਰ ਤੇ ਪਜੇ ਉਹਨਾ ਇਨਰਵਹੀਲ ਕਲੱਬ ਵਲੋ ਕੀਤੇ ਜਾ ਰਹੇ ਕੰਮਾਂ ਦੀ ਸਲਾਘਾ ਵੀ ਕੀਤੀ ਸਮਾਗਮ ਦੀ ਸ਼ੁਰੁਆਤ ਰਾਸ਼ਟਰੀ ਗਾਨ ਦੇ ਨਾਲ ਹੋਈ ਓਥੇ ਹੀ ਸਟੇਜ ਦੀ ਭੂਮਿਕਾ ਸਕੱਤਰ ਦੀਪਿਕਾ ਮਿੱਤਲ ਤੇ ਸਰਿਤਾ ਸੂਦ ਨੇ ਬਖ਼ੂਬੀ ਨਿਭਾਈ

ਇਸ ਮੌਕੇ ਇਨਰਵਹੀਲ ਕਲੱਬ ਮੋਗਾ ਰਾਇਲ ਦੀ ਪ੍ਰਧਾਨ ਵਾਲਾ ਖੰਨਾ ਨੇ ਦੱਸਿਆ ਕਿ ਇਸਤੋਂ ਪਹਿਲਾਂ ਵੀ ਇਨਰਵਹੀਲ ਕਲੱਬ ਵਲੋ ਸਮੇ ਸਮੇ ਤੇ ਜਰੂਰਤਮੰਦ ਪਰਵਾਰਾਂ ਨੂੰ ਮਦਦ ਦਿੱਤੀ ਜਾਂਦੀ ਹੈ ਕਲੱਬ ਵਲੋ ਗਰਮੀ ਨੂੰ ਵੇਖਦੇ ਹੋਏ 25 ਅਜਿਹੇ ਜਰੂਰਤਮੰਦ ਪਰਵਾਰਾਂ ਦੀ ਭਾਲ ਕੀਤੀ ਗਈ ਜਿਨ੍ਹਾਂ ਦੇ ਘਰ ਵਿੱਚ ਮੈਂਬਰ ਤਾਂ ਜਆਿਦਾ ਹਨ ਪਰ ਪੱਖਾ ਕੇਵਲ ਇੱਕ ਹੀ ਸੀ ਉਨ੍ਹਾਂ ਪਰਵਾਰਾਂ ਨੂੰ ਅੱਜ ਛੱਤ ਤੇ ਲੱਗਣ ਵਾਲੇ ਪੰਖੇ ਭੇਂਟ ਕੀਤੇ ਗਏ ਹਨ

ਓਥੇ ਹੀ ਮੁੱਖ ਮਹਿਮਾਨ ਤੇਜਿੰਦਰ ਕੌਰ ਨੇ ਕਲੱਬ ਮੈਬਰਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਜੇਕਰ ਹਰ ਕੋਈ ਵਿਅਕਤੀ ਆਪਣੀ ਸੋਚ ਇੰਨਾ ਦੀ ਤਰ੍ਹਾਂ ਬਣਾ ਲਵੇ ਤਾਂ ਹਰ ਜਰੂਰਤਮੰਦ ਦੀ ਜਰੂਰਤ ਪੂਰੀ ਹੋ ਸਕਦੀ ਹੈ ਇਸ ਮੌਕੇ ਕਲੱਬ ਪ੍ਰਧਾਨ ਬਾਲਾ ਖੰਨਾ, ਸਕੱਤਰ ਦੀਪਿਕਾ ਮਿੱਤਲ, ਖਜਾਂਚੀ ਰਿਆ ਅਰੋੜਾ, ਸਿਮਰ ਗਿਲ, ਤਨਵੀਰ ਕੌਰ, ਹਰਵੀਨ ਕੌਰ, ਲਕਸ਼ਮੀ ਮੋਰਿਆ, ਮੀਨਾਕਸ਼ੀ, ਆਂਚਲ ਗਰੋਵਰ, ਦੇ ਇਲਾਵਾ ਹੋਰ ਮੈਂਬਰ ਮੌਜੂਦ ਸਨ।




# ਸ਼ਹੀਦ ਐਸਪੀ ਬਲਜੀਤ ਸਿੰਘ ਨੇ ਦੇਸ਼ ਵਿੱਚ ਅਮਨ ਸ਼ਾਂਤੀ ਅਤੇ ਅੰਖਡਤਾ ਨੂੰ ਕਾਇਮ ਰੱਖਦੇ ਹੋਏ ਵੱਡੀ ਕੁਰਬਾਨੀ ਦਿੱਤੀ : ਅਵੀ ਰਾਜਪੂਤ



- ਯੂਥ ਅਕਾਲੀ ਦਲ ਨੇ ਸ਼ਹੀਦ ਐਸਪੀ ਬਲਜੀਤ ਸਿੰਘ ਨੂੰ ਦਿੱਤੀ ਸ਼ਰਧਾਂਜਲੀ
- ਪੰਜਾਬ ਪੁਲਿਸ ਨੇ ਦੇਸ਼ ਵਿਰੋਧੀ ਤਾਕਤਾਂ ਦੇ ਮਨਸੂਬੇ ਕੀਤੇ ਨਾਕਾਮ.ਯੂਥ ਅਕਾਲੀ ਦਲ

**ਕਪੂਰਥਲਾ/ਪਰਮਜੀਤ ਸੰਨੀ**

ਸ਼ਹੀਦਾਂ ਦੀ ਬਦੌਲਤ ਹੀ ਅੱਜ ਅਸੀ ਚੈਨ ਦੀ ਸਾਹ ਲੈ ਰਹੇ ਹਾਂ।ਪਰ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਉਚਿਤ ਪਚਾਰ-ਪ੍ਰਸਾਰ ਨਹੀਂ ਕੀਤੇ ਜਾਣ ਨਾਲ ਨੋਜਵਾਨ ਪੀੜ੍ਹੀ ਉਨ੍ਹਾਂ ਨੂੰ ਭੁੱਲਦੀ ਜਾ ਰਹੀ ਹੈ।ਉਕਤ ਸ਼ਬਦ ਯੂਥ ਅਕਲੀ ਦਲ ਦੇ ਕੌਮੀ ਮੀਤ ਪ੍ਰਧਾਨ ਅਵੀ ਰਾਜਪੂਤ ਨੇ ਦੀਨਾਨਗਰ ਅੱਤਵਾਦੀ ਹਮਲੇ ਦੇ ਦੌਰਾਨ ਸ਼ਹੀਦ ਹੋਏ ਐਸਪੀ ਬਲਜੀਤ ਸਿੰਘ ਦੇ ਸ਼ਹੀਦੀ ਦਿਵਸ ਤੇ ਉਨ੍ਹਾਂ ਦੇ ਬਣੇ ਸ਼ਹੀਦੀ ਸਥਲ ਤੇ ਆਯੋਜਿਤ ਸ਼ਰਧਾਂਜਲੀ ਸਮਾਰੋਹ ਵਿੱਚ ਭਾਵਭੀਨੀ ਸ਼ਰਧਾਂਜਲੀ ਭੇਂਟ ਕਰਦੇ ਹੋਏ ਕਹੀ।ਇਸ ਮੋਕੇ ਤੇ ਅਵੀ ਰਾਜਪੂਤ ਨੇ ਕਿਹਾ ਕਿ ਪੰਜਾਬ ਪੁਲਿਸ ਦੇ ਬਹਾਦੁਰ ਐਸਪੀ ਬਲਜੀਤ ਸਿੰਘ ਨੇ ਪ੍ਰਦੇਸ਼ ਅਤੇ ਦੇਸ਼ ਵਿੱਚ ਅਮਨ ਸ਼ਾਂਤੀ ਅਤੇ ਅੰਖਡਤਾ ਨੂੰ ਕਾਇਮ ਰੱਖਦੇ ਹੋਏ ਵੱਡੀ ਕੁਰਬਾਨੀ ਦੇਕੇ ਦੇਸ਼ ਵਿਰੋਧੀ ਤਾਕਤਾਂ ਦੇ ਮਨਸੂਬੇ ਨਾਕਾਮ ਕਰਕੇ ਇਤਹਾਸ ਬਣਾਇਆ ਹੈ।ਯੂਥ ਅਕਾਲੀ ਦਲ ਪੰਜਾਬ ਪੁਲਿਸ ਦੇ ਮਹਾਨ ਯੋਧਾ ਐਸਪੀ ਬਲਜੀਤ ਸਿੰਘ ਦੀ ਸ਼ਹਾਦਤ ਨੂੰ ਸੱਜ਼ਦਾ ਕਰਦੇ ਹੋਏ ਇਹ ਪ੍ਰਣ ਕਰਦੀ ਹੈ ਕਿ ਸਾਡਾ ਹਰ ਇੱਕ ਵਰਕਰ ਦੇਸ਼ ਦੀ ਏਕਤਾ ਅਤੇ ਅੰਖਡਤਾ ਨੂੰ ਕਾਇਮ ਰੱਖਣ ਲਈ ਹਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਹਮੇਸ਼ਾ ਤਿਆਰ ਰਹੇਗਾ।ਅਵੀ ਰਾਜਪੂਤ ਨੇ ਕਿਹਾ ਕਿ ਸ਼ਹੀਦ ਦੇਸ਼ ਦਾ ਸਰਮਾਇਆ ਹੁੰਦੇ ਹਨ ਅਤੇ ਪੂਰਾ ਦੇਸ਼ ਹਮੇਸ਼ਾ ਆਪਣੇ ਸ਼ਹੀਦਾਂ ਦਾ ਕਰਜਦਾਰ ਰਹੇਗਾ।ਉਨ੍ਹਾਂ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ ਅੱਤਵਾਦ ਨੂੰ ਖਤਮ ਕਰਣ ਲਈ ਬੜੀ ਬਹਾਦਰੀ ਨਾਲ ਲੜਾਈ ਲੜੀ ਹੈ ਅਤੇ ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀ ਤੋਂ ਲੈ ਕੇ ਸਿਪਾਹੀ ਤੱਕ ਨੇ ਸ਼ਹਾਦਤ ਦਾ ਜਾਮ ਪੀਤਾ ਹੈ।ਅਵੀ ਰਾਜਪੂਤ ਨੇ ਕਿਹਾ ਕਿ ਅੱਤਵਾਦ ਨੂੰ ਖਤਮ ਕਰਣ ਲਈ ਪੰਜਾਬ ਪੁਲਿਸ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਪੰਜਾਬ ਪੁਲਿਸ ਦੇ ਅਨੇਕਾਂ ਜਵਾਨਾਂ ਨੇ ਅਮਨ ਸ਼ਾਂਤੀ ਕਾਇਮ ਕਰਣ ਲਈ ਆਪਣੀ ਜਾਨ ਕੁਰਬਾਨ ਕਰਕੇ ਸ਼ਹਾਦਤ ਦਿੱਤੀ ਹੈ।ਪੰਜਾਬ ਪੁਲਿਸ ਦੇ ਬਹਾਦੁਰ ਜਵਾਨਾਂ ਨੇ ਪ੍ਰਦੇਸ਼ ਅਤੇ ਦੇਸ਼ ਵਿੱਚ ਅਮਨ ਸ਼ਾਤੀ ਅਤੇ ਅੰਖਡਤਾ ਨੂੰ ਕਾਇਮ ਰੱਖਦੇ ਹੋਏ ਕੁਰਬਾਨੀਆਂ ਦੇਕੇ ਦੇਸ਼ ਵਿਰੋਧੀ ਤਾਕਤਾਂ ਦੇ ਮਨਸੂਬਿਆਂ ਨੂੰ ਨਾਕਾਮ ਕਰਕੇ ਇਤਹਾਸ ਰਚਿਆ ਹੈ।ਉਨ੍ਹਾਂ ਨੇ ਕਿਹਾ ਕਿ ਅੱਤਵਾਦ ਮਨੁੱਖਤਾ ਦਾ ਦੁਸ਼ਮਨ ਹੈ।ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ।ਪਰ ਕੁੱਝ ਲੋਕ ਧਰਮ ਦੇ ਨਾਮ ਤੇ ਸਹਾਰਾ ਲੈਣ ਦੀ ਕੋਸ਼ਿਸ਼ ਕਰਦੇ ਹਨ।ਅੱਤਵਾਦ ਮਨੁੱਖ ਸਮਾਜ ਲਈ ਸਭਤੋਂ ਵੱਡਾ ਖ਼ਤਰਾ ਹੈ।ਉਨ੍ਹਾਂ ਨੇ ਦੇਸ਼ ਵਿੱਚ ਵਧਦੀਆਂ ਅੱਤਵਾਦੀ ਘਟਨਾਵਾਂ ਤੇ ਦੱਸਿਆ ਕਿ ਜਦੋਂ ਤੱਕ ਸਾਰੀਆਂ ਪਾਲਿਟਿਕਲ ਪਾਰਟੀਆਂ ਇੱਕ ਹੋਕੇ ਅੱਤਵਾਦ ਦੇ ਖਿਲਾਫ ਨਹੀਂ ਖੜੀਆ ਹੋਣਗੀਆਂ ਤੱਦ ਤੱਕ ਅੱਤਵਾਦ ਖਤਮ ਨਹੀਂ ਹੋਵੇਗਾ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚੋ ਅੱਤਵਾਦ ਖਤਮ ਕਰਨ ਲਈ ਸਾਰੇ ਇਕਜੁੱਟ ਹੋ ਸੱਕਦੇ ਹਨ ਤਾਂ ਦੇਸ਼ ਲਈ ਪੀਐਮ ਮੋਦੀ, ਸੋਨਿਆ ਗਾਂਧੀ, ਮਾਇਆਵਤੀ, ਮਮਤਾ ਬਨਰਜੀ ਆਦਿ ਇਕਜੁੱਟ ਕਿਉਂ ਨਹੀਂ ਖੜੇ ਹੋ ਸੱਕਦੇ।ਜੇਕਰ ਸਾਰੇ ਇੱਕਜੁਟ ਹੋਕੇ ਅੱਤਵਾਦ ਦੇ ਖਿਲਾਫ ਲੜਾਈ ਲੜਨ ਤਾਂ ਦੇਸ਼ ਦਾ ਕੋਈ ਕੁੱਝ ਨਹੀਂ ਵਿਗਾੜ ਸਕਦਾ।ਅਵੀ ਰਾਜਪੂਤ ਨੇ ਪਾਕਿਸਤਾਨ ਨੂੰ ਖਰੀ-ਖਰੀ ਸੁਣਾਉਂਦੇ ਹੋਏ ਦੱਸਿਆ ਕਿ ਪਾਕਿਸਤਾਨ ਇੱਕ ਝੂਠਾ ਦੇਸ਼ ਹੈ ਜੋ ਪਿੱਠ ਵਿੱਚ ਚਾਕੂ ਮਾਰਨ ਦਾ ਕੰਮ ਕਰਦਾ ਹੈ।ਪਾਕਿਸਤਾਨ ਥੱਕ ਚੁੱਕਿਆ ਹੈ ਅਤੇ ਹੁਣ ਘਬਰਾਇਆ ਹੋਇਆ ਹੈ।ਵਰਤਮਾਨ ਸਮੇਂ ਵਿੱਚ ਸਾਡਾ ਸੈਨਿਕ ਪਾਕਿਸਤਾਨ ਦੀ ਇੱਕ ਗੋਲੀ ਦਾ ਜਵਾਬ 10 ਗੋਲੀਆਂ ਨਾਲ ਦਿੰਦਾ ਹੈ।ਅਵੀ ਰਾਜਪੂਤ ਨੇ ਕਿਹਾ ਕਿ ਪਾਕਿਸਤਾਨ ਦੀ ਕੋਸ਼ਿਸ਼ ਹੈ ਕਿ ਜੰਮੂ-ਕਸ਼ਮੀਰ ਦੀ ਤਰ੍ਹਾਂ ਪੰਜਾਬ ਵਿੱਚ ਵੀ ਹਾਲਾਤ ਖ਼ਰਾਬ ਕੀਤੇ ਜਾਣ। ਇਸ ਮੌਕੇ ਤੇ ਅਸ਼ੋਕ ਕੁਮਾਰ, ਮੰਜੀਤ ਕਾਲ਼ਾ, ਅਨਿਲ ਪਿੰਟੂ, ਲਾਡੀ, ਲਵਲੀ, ਧੀਰਜ ਨਈਅਰ, ਦੀਪਕ ਬਸ਼ਿਟ, ਕੁਲਦੀਪਕ, ਸੁਮਿਤ, ਸੈਂਡੀ, ਰਾਕੇਸ਼ ਕੁਮਾਰ, ਤਨਵੀਰ ਬਾਨੂ, ਚਰਣਜੀਤ, ਨਵਤੇਜ, ਸੁਨੀਲ ਕੁਮਾਰ, ਲਖਬੀਰ, ਗੁਰਪ੍ਰੀਤ ਸਿੰਘ, ਅਮਿਤ ਅਰੋੜਾ, ਰੁਬਲ ਧੀਰ, ਸੰਨੀ, ਪੁਸ਼ਪਿੰਦਰ ਸਿੰਘ ਆਦਿ ਮੌਜੂਦ ਸਨ।

# ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਦਿਹਾੜੀਦਾਰ ਮਜ਼ਦੂਰ ਦੇ ਪੱਟ 'ਚ ਮਾਰੀ ਗੋਲੀ ਮਾਰ ਕੇ ਫਰਾਰ

**ਨਕੋਦਰ/ਕਰਨ ਅਗਰਵਾਲ**

ਸ਼ਹਿਰ 'ਚ ਦਿਨ ਦਿਹਾੜੇ ਮੋਟਰਸਾਈਕਲ ਸਵਾਰ ਦੋ ਨੌਜਵਾਨ ਦਿਹਾੜੀਦਾਰ ਮਜਦੂਰ ਦੇ ਪੱਟ ਵਿੱਚ ਗੋਲੀ ਮਾਰ ਕੇ ਫ਼ਰਾਰ ਹੋ ਗਏ ।ਗੋਲੀ ਲੱਗਣ ਨਾਲ ਗੰਭੀਰ ਜ਼ਖਮੀ ਹੋਏ ਮਜ਼ਦੂਰ ਨੂੰ ਸਥਾਨਕ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ।ਜਿਸ ਦੀ ਪਛਾਣ ਰਘਬੀਰ ਕੁਮਾਰ(43) ਪੁਤਰ ਰਾਮ ਪ੍ਰਸ਼ਾਦ ਵਾਸੀ ਨਵੀ ਅਬਾਦੀ ਨਕੋਦਰ ਵਜੋਂ ਹੋਈ ਹੈ। ਉਧਰ ਸ਼ਹਿਰ 'ਚ ਗੋਲੀ ਚੱਲਣ ਦੀ ਸੂਚਨਾ ਮਿਲਦੇ ਹੀ ਤੁਰੰਤ ਡੀ. ਐੱਸ. ਪੀ .ਨਕੋਦਰ ਨਵਨੀਤ ਸਿੰਘ ਮਾਹਲ , ਸਿਟੀ ਥਾਣਾ ਮੁਖੀ ਜਤਿੰਦਰ ਕੁਮਾਰ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ।ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਜ਼ਖ਼ਮੀ ਰਘਵੀਰ ਕੁਮਾਰ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਰਘਬੀਰ ਜੋ ਮਜ਼ਦੂਰੀ ਦਾ ਕੰਮ ਕਰਦਾ ਹੈ 'ਤੇ ਰਾਜ ਮਿਸਤਰੀ ਨਾਲ ਪਿੰਡ ਸ਼ੰਕਰ ਵੱਲ ਦਿਹਾੜੀ ਜਾਂਦਾ ਸੀ । ਅੱਜ ਰਘਵੀਰ ਆਪਣੇ ਸਾਥੀ ਦੇ ਨਾਲ ਮੋਟਰਸਾਈਕਲ ਤੇ ਨਕੋਦਰ ਨੂੰ ਆ ਰਿਹਾ ਸੀ ਤਾਂ ਗੁਰੂ ਨਾਨਕ ਨੈਸ਼ਨਲ ਕਾਲਜ ਦੇ ਨੇੜੇ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਰਘਬੀਰ ਨੂੰ ਗੋਲੀ ਮਾਰ ਦਿੱਤੀ ।ਜੋ ਉਸ ਦੇ ਪੱਟ ਵਿੱਚ ਲੱਗੀ ।ਗੋਲੀ ਮਾਰਨ ਉਪਰੰਤ ਨੌਜਵਾਨ ਰਘਵੀਰ ਦਾ ਮੋਬਾਇਲ ਫੋਨ ਲੈ ਕੇ ਫ਼ਰਾਰ ਹੋ ਗਏ । -ਸਿਟੀ ਥਾਣਾ ਮੁਖੀ ' ਸ਼ਹਿਰ'ਚ ਗੋਲੀ ਚੱਲਣ ਦੀ ਘਟਨਾ ਸਬੰਧੀ ਸਿਟੀ ਥਾਣਾ ਮੁਖੀ ਜਤਿੰਦਰ ਕੁਮਾਰ ਨੇ ਦੱਸਿਆ ਕਿ ਫਿਲਹਾਲ ਜ਼ਖ਼ਮੀ ਰਘਵੀਰ ਕੁਮਾਰ ਦੇ ਬਿਆਨ ਨਹੀਂ ਹੋਏ ।ਪਰ ਪੁਲਸ ਗੋਲੀ ਚੱਲਣ ਵਾਲੀ ਜਗ੍ਹਾ ਦੇ ਆਸ -ਪਾਸ ਲੱਗੇ ਸੀ.ਸੀ .ਟੀ .ਵੀ. ਫੁਟੇਜ ਖੰਗਾਲ ਰਹੀ ਹੈ ।ਉਨ੍ਹਾਂ ਕਿਹਾ ਮਾਮਲੇ ਨੂੰ ਜਲਦ ਹੀ ਟਰੇਸ ਕਰ ਲਿਆ ਜਾਵੇ !




# ਚੱਲਦੇ ਸੰਘਰਸ ਦੌਰਾਨ ਬੱਸ ਸੇਵਾ ਜਾਰੀ ਰਹੇਗੀ : ਖੇਲਾ, ਸਾਜਨ ਧੀਰਜ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਧਰਮਕੋਟ ਤੇ ਹਲਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਜੀ ਨਿਰਦੇਸਾਂ ਹੇਠ ਕਿਸਾਨਾਂ ਲਈ ਪਿਛਲੇ ਕੁਝ ਸਮੇਂ ਤੋਂ ਚਲਾਈ ਵਿਸੇਸ ਬੱਸ ਅੱਜ 61 ਵਾਂ ਗੇੜਾ ਲੈਕੇ ਪੀਏ ਸੋਹਣ ਸਿੰਘ ਖੇਲਾ , ਬਲਾਕ ਯੂਥ ਕਾਂਗਰਸ ਦੇ ਪ੍ਰਧਾਨ ਸਾਜਨ ਛਾਬੜਾ ਅਤੇ ਕਾਂਗਰਸ ਦੇ ਸਹਿਰੀ ਪ੍ਰਧਾਨ ਧੀਰਜ ਗਰੋਵਰ ਦੇ ਵੱਲੋਂ ਧਰਨੇ ਲਈ ਬੱਸ ਰਵਾਨਾ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਕੇਦਰ ਦੀ ਸਰਕਾਰ ਇਕੱਲੀ ਕਿਸਾਨੀ ਦਾ ਨੁਕਸਾਨ ਨਹੀਂ ਕਰ ਰਹੀ ਬਲਕਿ ਇਹ ਪੰਜਾਬ ਦੀ ਆਰਥਿਕਤਾ ਦਾ ਨੁਕਸਾਨ ਕਰ ਰਹੀ ਹੈ। ਇਸ ਨਾਲ ਇਕੱਲੇ ਕਿਸਾਨਾਂ ਨੂੰ ਨੁਕਸਾਨ ਨਹੀਂ ਹੋਣਾ ਬਲਕਿ ਇਸ ਤੋਂ ਇਲਾਵਾ ਛੋਟੇ ਵਪਾਰੀ , ਦੁਕਾਨਦਾਰ ਮਜ਼ਦੂਰ ਅਤੇ ਆੜਤੀਆਂ ਦਾ ਨੁਕਸਾਨ ਵੀ ਹੋਣਾ ਹੈ। ਇਸ ਕਰਕੇ ਇਸ ਅੰਦੋਲਨ ਵਿੱਚ ਹਿਸਾ ਲੈਣ ਲਈ ਆਪਣੇ ਹਲਕਾ ਧਰਮਕੋਟ ਦੇ ਬਹੁਤ ਕਿਸਾਨ ਗਏ ਨੇ ਤੇ ਬਹੁਤ ਕਿਸਾਨ ਜਾਣਾ ਚਾਉਂਦੇ ਹਨ। ਪੀ ਏ ਸੋਹਣਾ ਖੇਲਾ ਨੇ ਕਿਹਾ ਇਹ ਬੱਸ ਹਰ ਸੋਮਵਾਰ ਅਤੇ ਵੀਰਵਾਰ ਸਵੇਰੇ 8,30 ਵਜੇ ਨਗਰ ਕੌਂਸਲ ਧਰਮਕੋਟ ਤੋਂ ਕਿਸਾਨਾਂ ਨੂੰ ਲੈਕੇ ਬੱਸ ਚੱਲਿਆ ਕਰੂਗੀ ਜਿਹੜੇ ਹਲਕਾ ਧਰਮਕੋਟ ਦੇ ਲੋਕ ਧਰਮਕੋਟ ਤੋਂ ਦਿੱਲੀ ਜਾਣਾ ਚਾਹੁੰਦੇ ਹੈ ਤੇ ਉਹਨਾਂ ਲੋਕਾਂ ਨੂੰ ਲੈਕੇ ਬੱਸ ਧਰਮਕੋਟ ਤੋਂ ਦਿੱਲੀ ਅੰਦੋਲਨ ਚ ਜਾਇਆ ਕਰੂਗੀ ਅਤੇ ਹਲਕਾ ਧਰਮਕੋਟ ਦੇ ਲੋਕ ਦਿੱਲੀ ਤੋਂ ਵਾਪਿਸ ਧਰਮਕੋਟ ਆਉਣਾ ਚਾਹੁੰਦੇ ਹਨ ਤਾ ਉਹਨਾਂ ਨੂੰ ਬੱਸ ਦਿੱਲੀ ਤੋਂ ਧਰਮਕੋਟ ਵਾਪਿਸ ਲੈਕੇ ਆਇਆ ਕਰੂਗੀ।

# ਮੰਤਰੀ ਓ ਪੀ ਸੋਨੀ ਨੇ ਖੇਡ ਸਟੇਡੀਅਮ ਨੂੰ ਪੰਜ ਲੱਖ ਦਾ ਚੈੱਕ ਦੇ ਕੇ ਵਧਾਇਆ ਖਿਡਾਰੀਆਂ ਦਾ ਹੌਸਲਾ : ਪਰਗਟ ਸਿੰਘ ਕੀਰਤਨਗੜ੍ਹ

**ਅੰਮ੍ਰਿਤਸਰ/ਭੰਗੂ** : ਖੇਡਾਂ ਵਿਅਕਤੀ ਦੇ ਜੀਵਨ ਦਾ ਜਿੱਥੇ ਮਾਨਸਿਕ ਵਿਕਾਸ ਕਰਦੀਆਂ ਹਨ ਓਥੇ ਸਰੀਰਕ ਤੌਰ ਤੇ ਤੰਦਰੁਸਤ ਵੀ ਬਣਾਉਂਦੀਆਂ ਹਨ ਇਹਨਾਂ ਸਬਦਾਂ ਦਾ ਪ੍ਰਗਟਾਵਾ ਹਿਊਮਨ ਰਾਈਟਸ ਮੀਤ ਪ੍ਰਧਾਨ ਪ੍ਰਗਟ ਸਿੰਘ ਕੀਰਤਨਗੜ ਨੇ ਅੱਜ ਪੱਤਰਕਾਰਾਂ ਨਾਲ ਸਾਂਝਾ ਕੀਤਾ ਅਤੇ ਦੱਸਿਆ ਕਿ ਓਮ ਪ੍ਰਕਾਸ ਸੋਨੀ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਪੰਜਾਬ ਦੇ ਦਿਸਾ ਨਿਰਦੇਸਾਂ ਅਨੁਸਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਫੁੱਟਬਾਲ ਸਟੇਡੀਅਮ ਲਈ ਕੀਰਤਨਗੜ੍ਹ ਪੰਚਾਇਤ ਨੂੰ ਜੋ ਪੰਜ ਲੱਖ ਦੀ ਰਾਸੀ ਦਿੱਤੀ ਗਈ ਸੀ ਉਸ ਦਾ ਕੰਮ ਸੁਰੂ ਹੋ ਗਿਆ ਹੈ ਇਸ ਨਾਲ ਸਟੇਡੀਅਮ ਵਿੱਚ ਖਿਡਾਰੀਆਂ ਨੂੰ ਜੋ ਜੋ ਮੁਸਕਲਾਂ ਜਿਵੇਂ ਸਾਫ ਪੀਣ ਵਾਲਾ ਪਾਣੀ, ਲਾਈਟਾਂ ,ਸਟੇਡੀਅਮ ਦੀ ਰਿਪੇਅਰ, ਜਿਮ ਦਾ ਸਮਾਨ ਆਦਿ ਇਨ੍ਹਾਂ ਕੰਮਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਓ ਪੀ ਸੋਨੀ ਨੇ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਅਤੇ ਖਿਡਾਰੀਆਂ ਦੇ ਜੋਸ ਨੂੰ ਵਧਾਉਂਦਿਆਂ ਉਹਨਾਂ ਦੀ ਖੇਡ ਦੀ ਸਲਾਘਾ ਕੀਤੀ ਅਤੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਲਈ ਆਸੀਰਵਾਦ ਵੀ ਦਿੱਤਾ ਇਸ ਮੌਕੇ ਤੇ ਮੀਤ ਪ੍ਰਧਾਨ ਪਰਗਟ ਸਿੰਘ ਕੀਰਤਨਗੜ ,ਬਲਵਿੰਦਰ ਕੋਰ ਸਰਪੰਚ ,ਵੀਰ ਸਿੰਘ ,ਲਖਵਿੰਦਰ ਸਿੰਘ ਲਾਭ ਸਿੰਘ, ਤਜਿੰਦਰ ਸਿੰਘ, ਜਰਨੈਲ ਸਿੰਘ, ਗੁਰਨਾਮ ਸਿੰਘ, ਗੁਰਦੇਵ ਸਿੰਘ ਬੀ ਪੀ ਓ ,ਰਾਜਨਬੀਰ ਸਿੰਘ, ਅਰਸ, ਗੁਰਮੀਤ ਸਿੰਘ ਬਾਗੂ , ਜਸਪਾਲ ਸਮਰਾ, ਡਾਕਟਰ ਹਿਰਦੇਪਾਲ ਸਿੰਘ ਸਰਬਜੀਤ ਸਿੰਘ ਪ੍ਰਧਾਨ, ਬਲਵੰਤ ਸਿੰਘ ਪ੍ਰਧਾਨ, ਗੁਰਨਾਮ ਸਿੰਘ ਫੌਜੀ ,ਅਵਤਾਰ ਸਿੰਘ ਬਿੱਟੂ, ਬਲਕਾਰ ਸਿੰਘ, ਲਵ, ਸੁਖਦੇਵ ਸਿੰਘ ਸਬ ਇੰਸਪੈਕਟਰ ਆਦਿ ਹਾਜਰ ਸਨ।



# ਬੇਰੁਜਗਾਰ ਈਟੀਟੀ ਟੈੱਟ ਪਾਸ ਅਧਿਆਪਕਾਂ ਦੀ ਸਿੱਖਿਆ ਮੰਤਰੀ ਨਾਲ ਹੋਈ ਪੈਨਲ ਮੀਟਿੰਗ




**ਚੰਡੀਗੜ੍ਹ/ਦਲਜੀਤ ਕੌਰ ਭਵਾਨੀਗੜ**

ਅੱਜ ਬੇਰੁਜਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕ ਯੂਨੀਅਨ ਪੰਜਾਬ ਦੀ ਸੂਬਾ ਪ੍ਰਧਾਨ ਦੀਪਕ ਕੰਬੋਜ ਦੀ ਅਗਵਾਈ ਹੇਠ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਤੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨਾਲ ਸਥਾਨਕ ਪੰਜਾਬ ਭਵਨ, ਚੰਡੀਗੜ੍ਹ ਵਿਖੇ ਪੈੱਨਲ ਮੀਟਿੰਗ ਹੋਈ। ਬੇਰੁਜਗਾਰ ਈਟੀਟੀ ਟੈੱਟ ਪਾਸ ਅਧਿਆਪਕਾਂ ਦੀ ਸਿੱਖਿਆ ਮੰਤਰੀ ਨਾਲ ਇਹ ਮੀਟਿੰਗ ਇੱਕ ਘੰਟੇ ਦੇ ਕਰੀਬ ਚੱਲੀ ਜਿਸ ਦੌਰਾਨ ਬੇਰੁਜਗਾਰ ਅਧਿਆਪਕਾਂ ਨੇ ਸਿੱਖਿਆ ਮੰਤਰੀ ਨੂੰ ਆਪਣੀਆਂ ਮੰਗਾਂ ਬਾਰੇ ਦੱਸਿਆ। ਜਿਸ ਤੋਂ ਬਾਅਦ ਸਿੱਖਿਆ ਮੰਤਰੀ ਵੱਲੋਂ ਨਵੀਂ ਭਰਤੀ ਦਾ ਇਸ਼ਤਿਹਾਰ ਬਹੁਤ ਜਲਦੀ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ। ਪ੍ਰੰਤੂ ਈਟੀਟੀ ਉੱਤੇ ਜੋ ਵਾਧੂ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ ਉਸ ਉੱਪਰ ਅਜੇ ਤਕ ਪੂਰਨ ਤੌਰ ਤੇ ਕੋਈ ਹੁੰਗਾਰਾ ਨਹੀਂ ਭਰਿਆ ਗਿਆ ਅਤੇ ਉਮਰ ਹੱਦ ਛੋਟ ਤੇ ਵੀ ਕੋਈ ਸਪਸਟੀਕਰਨ ਨਹੀਂ ਦਿੱਤਾ ਗਿਆ। ਇਸ ਮੌਕੇ ਮੌਜੂਦ ਬੇਰੁਜਗਾਰ ਈ.ਟੀ.ਟੀ. ਟੈੱਟ ਪਾਸ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ, ਸੀਨੀਅਰ ਮੀਤ ਪ੍ਰਧਾਨ ਸੰਦੀਪ ਸਾਮਾ, ਕੁਲਦੀਪ ਖੋਖਰ, ਨਿਰਮਲ ਜੀਰਾ, ਰਾਜਸੁਖਵਿੰਦਰ ਗੁਰਦਾਸਪੁਰ, ਬਲਵਿੰਦਰ ਨਾਭਾ, ਮਨੀ ਸੰਗਰੂਰ ਤੇ ਗੁਰਪ੍ਰੀਤ ਗੁਰਾਇਆ ਨੇ ਕਿਹਾ ਕਿ ਅੱਜ ਬੇਰੁਜਗਾਰ ਈਟੀਟੀ ਟੈੱਟ ਪਾਸ ਅਧਿਆਪਕਾਂ ਵੱਲੋਂ ਸਿੱਖਿਆ ਮੰਤਰੀ ਅੱਗੇ ਬੇਰੁਜਗਾਰਾਂ ਦੀਆਂ ਵੱਖ ਵੱਖ ਮੰਗਾਂ ਰੱਖੀਆਂ ਗਈਆਂ। ਜਿਸ ਦੌਰਾਨ ਮੀਟਿੰਗ ਚ ਮੰਗਾਂ ਤੇ ਹਾਂ ਪੱਖੀ ਜਵਾਬ ਮਿਲਿਆ ਉਮੀਦ ਕਰਦੇ ਹਾਂ ਕਿ ਨਵੀਂ ਭਰਤੀ ਦਾ ਇਸ਼ਤਿਹਾਰ ਜਲਦ ਜਾਰੀ ਕੀਤਾ ਜਾਵੇਗਾ ਤੇ ਬੇਰੁਜਗਾਰ ਅਧਿਆਪਕਾਂ ਉੱਪਰ ਕੋਈ ਵੀ ਹੋਰ ਵਾਧੂ ਸ਼ਰਤ ਨਹੀਂ ਥੋਪੀ ਜਾਵੇਗੀ। ਜੇਕਰ ਬੇਰੁਜ਼ਗਾਰ ਅਧਿਆਪਕਾਂ ਉਪਰ ਕੋਈ ਵਾਧੂ ਸ਼ਰਤ ਥੋਪੀ ਗਈ ਤਾਂ ਬੇਰੁਜਗਾਰ ਅਧਿਆਪਕਾਂ ਵੱਲੋਂ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸ ਦੌਰਾਨ ਜੋ ਵੀ ਜਾਨੀ ਮਾਲੀ ਨੁਕਸਾਨ ਹੋਵੇਗਾ ਉਸਦੀ ਜੰਿਮੇਵਾਰ ਪੰਜਾਬ ਸਰਕਾਰ ਹੋਵੇਗੀ।



# ਧੰਨ-ਧੰਨ ਬਾਬਾ ਜੀਵਨ ਸਿੰਘ ਜੀ ਸਪੋਰਟਸ ਕਲੱਬ ਵੱਲੋਂ ਪਹਿਲਾ ਵਾਲੀਵਾਲ ਟੂਰਨਾਮੈਂਟ ਕਰਵਾਇਆ

**ਅਲਗੋਂ ਕੋਠੀ/ਹਰਦਿਆਲ ਸਿੰਘ ਮੱਲ੍ਹੀ**

ਧੰਨ-ਧੰਨ ਬਾਬਾ ਜੀਵਨ ਸਿੰਘ ਜੀ ਸਪੋਰਟਸ ਕਲੱਬ ਚੇਲਾ ਵਾਰਡ ਨੰਬਰ 7 ਵਿਖੇ ਪਹਿਲਾ ਵਾਲੀਵਾਲ ਟੂਰਨਾਮੈਂਟ ਕਰਵਾਇਆ ਗਿਆ ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਰਿਟਾਇਡ ਐਸ ਡੀ ਓ ਜਗਤਾਰ ਸਿੰਘ ਨੇ ਆਰੰਭ ਕੀਤਾ ਅਤੇ ਉਹਨਾਂ ਖਿਡਾਰੀਆਂ ਦਾ ਹੋਸਲਾ ਵਧਾਇਆ। ਇਸ ਮੌਕੇ ਬੋਲਦੇ ਜਗਤਾਰ ਸਿੰਘ ਨੇ ਕਿਹਾ ਕਿ ਨੋਜਵਾਨ ਚਾਹੀਦਾ ਹੈ ਕਿ ਨਸੇ ਛੱਡ ਕੇ ਖੇਡਾਂ ਵੱਲ ਧਿਆਨ ਦੇਣ ।ਇਸ ਨਾਲ ਆਪਣੇ ਇਲਾਕੇ ਦਾ ਨਾਮ ਅਤੇ ਪੰਜਾਬ ਦਾ ਨਾਮ ਰੋਸਨ ਕੀਤਾ ਜਾ ਸਕਦਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਨੋਜਵਾਨ ਖਿਡਾਰੀਆਂ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਸੁਖਦੇਵ ਸਿੰਘ ਕਾਲਾ ਨੇ ਟੂਰਨਾਮੈਂਟ ਵਿੱਚ ਸਹਿਯੋਗ ਦਿੱਤਾ। ਇਸ ਟੂਰਨਾਂਮੈਂਟ ਦੀ ਜਾਣਕਾਰੀ ਦਿੰਦੇ ਹੋਏ ਦਿੰਦੇ ਦੱਸਿਆ ਕੀ ਸਾਡੇ ਕਲੱਬ ਵੱਲੋਂ ਇੱਕ ਪਹਿਲਾ ਉਪਰਾਲਾ ਹੈ ਜਿਸ ਨਾਲ ਵੱਧ ਤੋਂ ਵੱਧ ਨੌਜਵਾਨ ਪ੍ਰੇਰਿਤ ਹੋ ਕੇ ਨਸਿਆਂ ਵਰਗੀ ਭਿਆਨਕ ਬੀਮਾਰੀ ਤੋਂ ਬਚ ਸਕਦੇ ਹਨ ਅਤੇ ਇਸ ਟੂਰਨਾਮੈਂਟ ਨੂੰ ਆਉਂਦੇ ਸਾਲਾਂ ਵਿਚ ਵੱਡੇ ਪੱਧਰ ਤੇ ਮਨਾਉਣ ਦਾ ਉਪਰਾਲਾ ਕੀਤਾ ਜਾਵੇਗਾ । ਇਸ ਵਾਲੀਬਾਲ ਟੂਰਨਾਮੈਂਟ ਵਿਚ ਕੁੱਲ 11 ਟੀਮਾਂ ਨੇ ਭਾਗ ਲਿਆ ਜਿਸ ਚੇਲਾ ਕਲੋਨੀ, ਪਹੂਵਿੰਡ, ਨਿੱਕੀ ਮੱਖੀ, ਭਿੱਖੀਵਿੰਡ,ਸੁਰਸਿੰਘ,ਵਲਟੋਹਾ ,ਮੱਦਰ ਮਥਰਾ ਭਾਗੀ, ਪੂਹਲਾ ਟੀਮਾਂ ਦਰਮਿਆਨ ਹੋਇਆ ਜਿਸ ਵਿੱਚ ਚੇਲਾ ਮੋੜ ਕਲੋਨੀ ਭਿੱਖੀਵਿੰਡ ਦੀ ਟੀਮ ਜੇਤੂ ਰਹੀ ਜਿਸ ਨੂੰ 2100ਰੁਪਏ ਨਗਦ ਰਾਸੀ ਅਤੇ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ ਇਸੇ ਤਰ੍ਹਾਂ ਦੂਜੇ ਨੰਬਰ ਤੇ ਆਉਣ ਵਾਲੀ ਟੀਮ ਨੂੰ 1500 ਰੁਪਏ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਐਸਡੀਓ ਜਗਤਾਰ ਸਿੰਘ ਨੇ ਇਸ ਟੂਰਨਾਮੈਂਟ ਵਿਚ ਭਾਗ ਲੈਣ ਵਾਲੀਆਂ ਟੀਮਾਂ ਅਤੇ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ ਉਹਨਾਂ ਨੂੰ ਜੀ ਆਇਆਂ ਆਖਿਆ। ਇਸ ਮੌਕੇ ਉਘੇ ਸਮਾਜ ਸੇਵਕ ਸੁਖਦੇਵ ਸਿੰਘ ਕਾਲਾ, ਬਲਰਾਜ ਸਿੰਘ ਲਾਡੀ, ਹਰਪ੍ਰੀਤ ਸਿੰਘ ਹੈਪੀ, ਪ੍ਰਭ ਭੁੱਚਰ, ਠੇਕੇਦਾਰ ਕੁਲਰਾਜ ਸਿੰਘ, ਸੁਖਮਨ ਬੁੱਟਰ, ਰਾਜਾ,ਅਰਸਦੀਪ , ਗੁਰਪ੍ਰੀਤ ਅਜੇਪਾਲ ਆਦਿ ਇਲਾਕੇ ਦੇ ਮੋਹਤਬਾਰ ਅਤੇ ਹਾਜਰ ਹੋਏ

ਸਪੋਰਟਸ ਕਲੱਬ ਦੇ ਮੈਂਬਰ ਸ੍ਰ ਜਗਤਾਰ ਸਿੰਘ ਨੂੰ ਸਨਮਾਨਿਤ ਕਰਦੇ ਹੋਏ।

# ਕੈਪਟਨ ਬਨਾਮ ਸਿੱਧੂ 'ਚ ਤਨਾਤਨੀ ਦਾ ਖਾਮਿਆਜਾ ਭੁਗਤਣਾ ਪੈ ਸਕਦਾ ਮੋਗਾ ਜਿਲੇ ਨੂੰ

- ਹਰਜੋਤ ਤੇ ਦਰਸਨ ਬਰਾੜ ਖੁੱਲ ਕੇ ਸਿੱਧੂ ਦੇ ਪੱਖ ਚ ਨਿੱਤਰੇ
- ਕੈਪਟਨ ਤੇ ਓਸਦੇ ਸਮਰੱਥਕ ਔਖੇ ਹੈ ਸਿੱਧੂ ਤੇ





**ਮੋਗਾ/ਪ੍ਰੇਮ ਸਰਮਾ**

ਨਵਜੋਤ ਸਿੱਧੂ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਦੇ ਬਾਵਜੂਦ ਪੰਜਾਬ ਦਾ ਕਾਂਗਰਸ ਪ੍ਰਧਾਨ ਬਨਾਓਣਾ ਕਾਂਗਰਸ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ । ਚਾਹੇ ਨਵਜੋਤ ਸਿੱਧੂ ਦੇ ਤਾਜਪੋਸੀ ਸਮਾਗਮ ਚ ਕੈਪਟਨ ਨੇ ਸਰਿਕੱਤ ਕੀਤੀ । ਲੇਕਿਨ ਦੋਵਾਂ ਦੇ ਭਾਸਨ ਇਸ ਗੱਲ ਵੱਲ ਇਸਾਰਾ ਕਰ ਗਏ ਸਨ ਕਿ ਬਾਈ ਜੀ ਆਪਾਂ ਦੀ ਬਨਣੀ ਨਹੀਂ ਤੇ ਮੌਕਾ ਆਓਣ ਤੇ ਦੱਸਾਂਗਾ ਕਿ ਕੀ ਭਾਅ ਵਿੱਕਦੀ ਹੈ । ਸਿੱਧੂ ਨੇ ਇਸ ਤੇ ਚੱਲਦੇ ਹੋਏ ਆਪਣੇ ਸਹਿਯੋਗੀ ਚਾਰ ਕਾਰਜਕਾਰੀ ਪ੍ਰਧਾਨਾਂ ਵੱਲੋਂ ਕੈਪਟਨ ਨੂੰ ਚਿੱਠੀ ਲਿੱਖ ਦਿੱਤੀ ਹੈ । ਜਿਸ ਵਿੱਚ ਬੇਅਦਬੀ ਮਾਮਲਾ , ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਕਰਾਰ ਖਤਮ ਕਰਣ ,ਪੰਜਾਬ ਚ ਸੰਘਰਸ ਕਰ ਰਹੀਆਂ ਕਰਮਚਾਰੀ ਯੁਨੀਅਨਾਂ ਦੇ ਮੁੱਦੇ ਵੱਲ ਧਿਆਨ ਦਵਾ ਕੈਪਟਨ ਨੂੰ ਕਟਹਿਰੇ ਚ ਖੜਾ ਕਰਣ ਦੀ ਕੋਸਸਿ ਕੀਤੀ ਹੈ । ਪਰ ਕੈਪਟਨ ਵੀ ਲਗਦਾ ਸਾਂਤ ਨਹੀਂ ਰਹੇਗਾ। ਜਿਸ ਦਾ ਅਸਰ ਆਉਣ ਵਾਲੇ ਦਿਨਾਂ ਚ ਸਿੱਧੂ ਸਮਰੱਥਕ ਵਿਧਾਇਕਾਂ ਖਾਸਕਰ ਮੋਗਾ ਤੋਂ ਹਰਜੋਤ ਤੇ ਬਾਘਾਪੁਰਾਣਾ ਤੋਂ ਦਰਸਨ ਬਰਾੜ ਤੇ ਪੈ ਸਕਦਾ ਹੈ । ਮੋਗਾ ਤੋਂ ਹਰਜੋਤ ਪਹਿਲਾਂ ਜਿਲਾ ਪ੍ਰਸਾਸਨ ਤੇ ਉਸਦੀ ਅਨਦੇਖੀ ਕਰਣ ਦਾ ਆਰੋਪ ਲਾਕੇ ਧਰਨਾ ਤੱਕ ਲਾਉਣ ਦੀ ਚਿਤਾਵਨੀ ਦੇ ਚੁੱਕੇ ਹਨ । ਦੋਵਾਂ ਦਾ ਸਿੱਧੂ ਦੇ ਸਮਰੱਥਨ ਚ ਖੁੱਲ ਕੇ ਜਾਣਾ ਵੀ ਇਸ ਗੱਲ ਵੱਲ ਇਸਾਰਾ ਕਰਦਾ ਹੈ ਕਿ ਪਹਿਲਾਂ ਹੀ ਕੈਪਟਨ ਵੱਲੋਂ ਇਹਨਾਂ ਦੀ ਅਣਦੇਖੀ ਕੀਤੀ ਜਾ ਰਹੀ ਹੋਵੇਗੀ । ਪਰ ਜਿਸ ਤਰਾਂ ਕੈਪਟਨ ਤੇ ਸਿੱਧੂ ਦਰਮਿਆਨ ਸੰਬੰਧ ਸੁਧਰਣ ਦੀ ਬਜਾਇ ਖਟਾੱਸ ਵਾਲੇ ਬਨਣ ਜਾ ਰਹੇ ਲੱਗਦੇ ਹਨ । ਉਸ ਨਾਲ ਮੋਗਾ ਤੇ ਬਾਘਾਪੁਰਾਨਾ ਹਲਕੇ ਦੇ ਵਿਕਾਸ ਨੂੰ ਢਾਹ ਲੱਗਣ ਦਾ ਖੱਤਰਾ ਹੈ ਕਿਉਂਕਿ ਹਰ ਸਰਕਾਰ ਆਪਣੇ ਕਾਰਜ-ਕਾਲ ਦੇ ਆਖਿਰੀ ਮਹੀਨਿਆਂ ਚ ਆਪਣੀ ਪੈਂਠ ਬਣਾਉਣ ਲਈ ਖੁੱਲ ਕੇ ਫੰਡ ਜਾਰੀ ਕਰਦੀਆਂ ਹਨ ਜਿਸਨੂੰ ਖੋਰਾ ਲੱਗ ਸਕਦਾ ਹੈ । ਦੂਜੇ ਪਾਸੇ ਪਹਿਲਾਂ ਹੀ ਪ੍ਰਸਾਸਨ ਦੁਆਰਾ ਅਣਦੇਖੀ ਕਰਣ ਦਾ ਰੋਣਾ ਰਹੇ ਵਿਧਾਇਕ ਨੂੰ ਲੋਕਾਂ ਦੇ ਕੰਮ ਕਾਜ ਕਰਾਉਣ ਚ ਹੋਰ ਪਰੇਸਾਨੀ ਵੱਧ ਸਕਦੀ ਹੈ ਕਿਉਂਕਿ ਕੈਪਟਨ ਕਦੇ ਵੀ ਬਰਦਾਸਤ ਨਹੀਂ ਕਰ ਸਕਦਾ ਕਿ ਉਸਦੇ ਵਿਰੋਧੀ ਦੀ ਬੱਲੇ ਬੱਲੇ ਹੋਵੇ ।

# ਹੋਟਲ ਨੇੜੇ ਖੜਾ ਮੋਟਰਸਾਈਕਲ ਚੋਰੀ

**ਜੀਰਕਪੁਰ/ਰਵੀ ਜੀਰਕਪੁਰ**

ਜੀਰਕਪੁਰ ਦੇ ਬਲਟਾਣਾ ਖੇਤਰ ਵਿੱਚ ਸਥਿਤ ਫਰਨੀਚਰ ਮਾਰਕੀਟ ਵਿੱਚ ਹੋਟਲ ਨੇੜੇ ਖੜ ਾ ਮੋਟਰਸਾਈਕਲ ਚੋਰੀ ਹੋ ਗਿਆ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ ਪੁਲਿਸ ਸੂਤਰਾਂ ਅਨੁਸਾਰ ਸੁਸ਼ੀਲ ਜਾਗੜਾਂ ਵਾਸੀ ਹਿਸਾਰ ਨੇ ਅਪਣਾ ਮੋਟਰਸਾਈਕਲ ਬਲਟਾਣਾ ਦੇ ਇੱਕ ਹੋਟਲ ਨੇੜੇ ਖੜ ਾ ਕੀਤਾ ਸੀ ਪਰ ਕੁਝ ਦੇਰ ਬਾਅਦ ਉਸ ਦਾ ਮੋਟਰਸਾਈਕਲ ਚੋਰੀ ਹੋ ਗਿਆ ਪੁਲਿਸ ਨੇ ਸੀ ਸੀ ਟੀ ਵੀ ਦੀ ਫੁਟੇਜ ਦੇ ਅਧਾਰ ਤੇ ਮਾਮਲਾ ਦਰਜ ਕਰਕੇ ਚੋਰਾਂ ਦੀ ਭਾਲ ਆਰੰਭ ਕਰ ਦਿਤੀ ਹੈ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111